ਕੁਰੂਕਸ਼ਤੇਰ ਦੀ ਧਰਤੀ 'ਤੇ ਮਹਾਂਭਾਰਤ ਦੀ ਜੰਗ ਵਿੱਚ ਹੱਥਿਆਰ ਸੁੱਟ ਕੇ ਬੈਠੇ ਅਰਜੁਨ ਨੂੰ ਉਪਦੇਸ਼ ਦਿੰਦਿਆਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਆਖਦੇ ਹਨ: 'ਹੇ ਪਾਰਥ, ਅੱਜ ਜੋ ਕੁਝ ਤੇਰਾ ਹੈ, ਕੱਲ੍ਹ ਕਿਸੇ ਹੋਰ ਦਾ ਸੀ ਅਤੇ ਭਲਕ ਨੂੰ ਕਿਸੇ ਹੋਰ ਦਾ ਹੋ ਜਾਵੇਗਾ। ਤੂੰ ਇਸ ਸੰਸਾਰ ਵਿੱਚ ਕੀ ਲੈ ਕੇ ਆਇਆ ਸੀ ਅਤੇ ਕੀ ਲੈ ਕੇ ਜਾਵੇਂਗਾ? ਇਸ ਸਚਾਈ ਨੂੰ ਸਮਝ। ਆਪਣੇ ਹੱਥਿਆਰ ਚੁੱਕ ਅਤੇ ਸਾਹਮਣੇ ਖੜੇ ਦੁਸ਼ਮਣਾਂ ਦਾ ਸਾਹਮਣਾ ਕਰਕੇ ਧਰਮ ਦੀ ਰੱਖਿਆ ਕਰ। ਤੇਰੇ ਲਈ ਇਹੋ ਕਰਮ ਹੈ, ਇਹੋ ਧਰਮ ਹੈ।'

ਭਗਵਾਨ ਸ੍ਰੀ ਕ੍ਰਿਸ਼ਨ ਦੇ ਇਸ ਉਪਦੇਸ਼ ਕਰਕੇ ਮਹਾਂਭਾਰਤ ਦੀ ਜੰਗ ਵਿੱਚ ਸੱਚ ਦੀ ਜਿੱਤ ਹੋਈ ਅਤੇ ਝੂਠ ਨੂੰ ਮੂੰਹ ਦੀ ਖਾਣੀ ਪਈ। ਇਸ ਤਰ੍ਹਾਂ ਅਧਿਆਤਮਕ-ਜਗਤ ਵਿੱਚ ਮਨੁੱਖ ਨੂੰ ਜੀਵਨ ਦੀ ਨਾਸ਼ਮਾਨਤਾ ਦੇ ਬਾਰੇ ਜਾਗਰੂਕ ਕੀਤਾ ਗਿਆ ਹੈ ਤਾਂ ਕਿ ਮਨੁੱਖ ਆਪਣੇ ਜੀਵਨ ਨੂੰ ਅਜਾਈਂ ਵਿਅਰਥ ਕਾਰਜਾਂ ਵਿੱਚ ਹੀ ਨਾ ਗੁਆ ਲਵੇ।

ਖ਼ੈਰ! ਪੰਜਾਬੀ ਸਾਹਿਤ ਦੇ ਆਧੁਨਿਕ ਰੂਪ ਵਿੱਚ ਵੀ ਬਦਲਾਓ ਦੇ ਵਰਣਨ ਨੂੰ ਵਿਸ਼ੇਸ਼ ਤਵੱਜੋਂ ਦਿੱਤੀ ਗਈ ਹੈ। ਇਸੇ ਤਰ੍ਹਾਂ ਦੀ ਬਿਰਤੀ ਨੂੰ ਬਿਆਨ ਕਰਦਿਆਂ ਪ੍ਰੋ. ਰਾਬਿੰਦਰ ਮਸਰੂਰ ਜੀ ਦੀ ਇਹ ਗ਼ਜ਼ਲ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ:

**'ਝੜ ਰਹੇ ਪੱਤਿਆਂ ਨੂੰ ਇਸ ਗੱਲ 'ਤੇ ਬੜਾ ਇਤਰਾਜ਼ ਹੈ**
**ਇਹ ਨਵੇਂ ਪੱਤੇ ਨਿਕਲਦੇ ਸਾਰ ਸਿਖ਼ਰਾਂ ਹੋ ਗਏ।'**
**(ਰਾਬਿੰਦਰ ਮਸਰੂਰ, ਤੁਰਨਾ ਮੁਹਾਲ ਹੈ (ਗ਼ਜ਼ਲ ਸੰਗ੍ਰਹਿ), ਪੰਨਾ** 73)

ਮਨੁੱਖੀ ਮਨ ਦੀ ਇਸ ਅਵਸਥਾ ਨੂੰ ਪ੍ਰੋ. ਰਾਬਿੰਦਰ ਮਸਰੂਰ ਜੀ ਹੁਰਾਂ ਨੇ ਸ਼ੇਅਰ ਦੇ ਇਨ੍ਹਾਂ ਦੋ ਮਿਸਰਿਆਂ ਵਿੱਚ ਹੀ ਬਿਆਨ ਕਰ ਦਿੱਤਾ ਹੈ। ਅਸਲ ਵਿੱਚ ਕਿੱਤਾ, ਖ਼ੇਤਰ ਕੋਈ ਵੀ ਹੋਵੇ ਪੁਰਾਣੇ ਲੋਕ ਇਹ ਨਹੀਂ ਚਾਹੁੰਦੇ ਕਿ ਕੋਈ ਨਵਾਂ ਬੰਦਾ ਆਉਂਦਿਆਂ ਹੀ ਛਾ ਜਾਵੇ ਅਤੇ ਉਨ੍ਹਾਂ ਤੋਂ ਅੱਗੇ ਲੰਘ ਜਾਵੇ।

ਦੂਜੇ ਸ਼ਬਦਾਂ ਵਿੱਚ, ਕੋਈ ਵਿਅਕਤੀ ਇਹ ਨਹੀਂ ਚਾਹੁੰਦਾ ਕਿ ਕੋਈ ਨਵਾਂ ਵਿਅਕਤੀ ਉਸ ਤੋਂ ਅੱਗੇ ਲੰਘੇ। ਇਹ ਮਨੁੱਖੀ ਬਿਰਤੀ ਹੈ, ਇਸ ਨੂੰ ਬਦਲਿਆਂ ਨਹੀਂ ਜਾ ਸਕਦਾ। ਹਾਂ, ਹਉਮੈ ਦੀ ਇਸ ਅੱਗ ਨੂੰ ਅਧਿਆਤਮ ਦੇ ਮਾਰਗ 'ਤੇ ਤੁਰ ਕੇ ਕੁਝ ਹੱਦ ਤੱਕ ਘਟਾਇਆ ਜ਼ਰੂਰ ਜਾ ਸਕਦਾ ਹੈ ਪਰ ਉੱਕਾ ਹੀ ਸਮਾਪਤ ਨਹੀਂ ਕੀਤਾ ਜਾ ਸਕਦਾ। ਇਹ ਕਾਰਜ ਇੰਨਾ ਸੌਖਾ ਵੀ ਨਹੀਂ ਹੈ ਅਤੇ ਬਹੁਤੇ ਲੋਕ ਇਸ ਪਾਸੇ ਵੱਲ ਕਦਮ ਵੀ ਨਹੀਂ ਵਧਾਉਂਦੇ ਅਤੇ ਇਸ ਦੀ ਇੰਨੀ ਲੋੜ ਵੀ ਨਹੀਂ ਸਮਝੀ ਜਾਂਦੀ।

ਖ਼ੈਰ! ਪੰਜਾਬੀ ਸਾਹਿਤ-ਜਗਤ ਦੀ ਗੱਲ ਕਰਦਿਆਂ ਇਸ ਬਿਰਤੀ ਨੂੰ ਦੇਖਿਆ, ਪੜ੍ਹਿਆ ਤੇ ਸਮਝਿਆ ਜਾ ਸਕਦਾ ਹੈ। ਪੁਰਾਣੇ ਲੇਖਕ ਜਦੋਂ ਕਿਸੇ ਨਵੇਂ ਲੇਖਕ ਨੂੰ ਅੱਗੇ ਵੱਧਦਾ ਦੇਖਦੇ ਹਨ ਤਾਂ ਉਨ੍ਹਾਂ ਨੂੰ (ਸਾਰਿਆਂ ਨੂੰ ਨਹੀਂ) ਆਪਣਾ ਰੁਤਬਾ ਘੱਟਦਾ ਦਿਖਾਈ ਦਿੰਦਾ ਹੈ। ਇੱਥੇ ਵਿਸ਼ੇਸ਼ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਸ ਬਿਰਤੀ ਨੂੰ 100 ਫੀਸਦੀ ਲੇਖਕਾਂ ਜਾਂ ਸਾਹਿਤਕਾਰਾਂ ਉੱਪਰ ਲਾਗੂ ਨਹੀਂ ਕੀਤਾ ਜਾ ਸਕਦਾ। ਪਰ ਫੇਰ ਵੀ ਵੱਡੀ ਗਿਣਤੀ ਵਿੱਚ ਲੇਖਕ, ਸਾਹਿਤਕਾਰ ਇਸ ਬਿਰਤੀ ਦੇ ਧਾਰਨੀ ਹੁੰਦੇ ਹਨ ਜਾਂ ਕਹਿ ਲਓ ਇਸ ਬਿਮਾਰੀ ਦਾ ਸ਼ਿਕਾਰ ਹੁੰਦੇ ਹਨ।

ਅਜਿਹੇ ਲੇਖਕ ਉਸ ਨਵੇਂ ਲਿਖਾਰੀ ਦੀ ਆਮਦ ਨੂੰ ਸਹਿਜਤਾ ਨਾਲ ਸਵੀਕਾਰ ਨਹੀਂ ਕਰਦੇ ਬਲਕਿ ਉਸਦੇ ਹੌਸਲੇ ਨੂੰ ਤੋੜਨ ਦਾ ਭਰਪੂਰ ਯਤਨ ਕਰਦੇ ਹਨ ਤਾਂ ਕਿ ਸਾਹਿਤ ਦੇ ਰੁੱਖ ਉੱਤੇ ਉੱਗਿਆ ਉਹ ਨਵਾਂ ਪੱਤਾ ਸੜ ਕੇ ਹੇਠਾਂ ਡਿੱਗ ਪਵੇ। ਅਜਿਹੇ ਲੇਖਕ ਉਸ ਨਵੀਂ ਕਰੂੰਬਲ ਨੂੰ ਆਪਣੇ ਖ਼ੇਤਰ ਵਿੱਚੋਂ ਚੁੱਕ ਕੇ ਬਾਹਰ ਵਗਾਹ ਮਾਰਨਾ ਚਾਹੁੰਦੇ ਹਨ। ਪਰ ਉਨ੍ਹਾਂ ਦੀ ਕੋਈ ਵਾਹ ਨਹੀਂ ਚੱਲਦੀ।

ਖ਼ੈਰ! ਪੰਜਾਬੀ ਸਾਹਿਤ-ਜਗਤ ਵਿੱਚ ਇਸ ਤਰ੍ਹਾਂ ਦੀ ਬਿਰਤੀ ਤੋਂ ਬਚਣ ਲਈ ਕਈ ਸ਼ਾਇਰਾਂ, ਲੇਖਕਾਂ ਅਤੇ ਆਲੋਚਕਾਂ ਨੇ ਪਹਿਲ ਵੀ ਕੀਤੀ ਹੈ। ਉਹ ਆਪਣੀਆਂ ਰਚਨਾਵਾਂ ਵਿੱਚ ਅਜਿਹੇ ਲੇਖਕਾਂ, ਸਾਹਿਤਕਾਰਾਂ ਨੂੰ ਬੇਨਤੀ ਰੂਪ ਵਿੱਚ ਸੰਬੋਧਨ ਹੁੰਦਿਆਂ ਆਖਦੇ ਹਨ ਕਿ ਇਨ੍ਹਾਂ ਨਵੇਂ ਬੂਟਿਆਂ (ਨਵੇਂ ਲੇਖਕ-ਲੇਖਿਕਾਵਾਂ) ਨੂੰ ਹੱਲਾਸ਼ੇਰੀ ਦੀ ਖਾਦ ਪਾ ਕੇ ਦੇਖੋ ਇਹ ਨਵੇਂ ਬੂਟੇ ਸਾਹਿਤ ਦੀ ਫੁਲਵਾੜੀ ਨੂੰ ਹੋਰ ਖ਼ੂਬਸੂਰਤ ਬਣਾ ਦੇਣਗੇ। ਪਰ ਇਸ ਕਾਰਜ ਲਈ ਸਥਾਪਤ ਲੇਖਕ-ਲੇਖਿਕਾਵਾਂ ਨੂੰ ਵੱਡਾ ਦਿਲ ਦਿਖਾਉਣਾ ਪਵੇਗਾ:

**'ਨਵੇਂ ਜੋ ਉੱਗ ਰਹੇ ਬੂਟੇ ਉਨ੍ਹਾਂ ਨੂੰ ਖਾਦ ਪਾ ਕੇ ਵੇਖ**
**ਨਵੇਂ ਸ਼ਾਇਰ ਦੀ ਝੋਲ਼ੀ ਵਿੱਚ ਕਦੇ ਤਾਂ ਦਾਦ ਪਾ ਕੇ ਵੇਖ।'**
**(ਦੇਵਿੰਦਰ ਬੀਬੀਪੁਰੀਆ, ਮੈਂ ਤੋਂ ਮੈਂ ਤੱਕ (ਗ਼ਜ਼ਲ ਸੰਗ੍ਰਹਿ), ਪੰਨਾ** 36)

ਪਰ ਦੂਜੇ ਪਾਸੇ, ਇਸ ਸਚਾਈ ਤੋਂ ਉੱਕਾ ਹੀ ਮੂੰਹ ਮੋੜ ਲੈਣਾ ਇੰਝ ਹੋਵੇਗਾ ਜਿਵੇਂ ਬਿੱਲੀ ਨੂੰ ਦੇਖ ਕੇ ਕਬੂਤਰ ਅੱਖਾਂ ਬੰਦ ਕਰ ਲੈਂਦਾ ਹੈ ਤੇ ਸਮਝਦਾ ਹੈ ਕਿ ਉਹ ਮੁਸੀਬਤ ਤੋਂ ਬਚ ਗਿਆ ਹੈ। ਪਰ ਇਹ ਕਬੂਤਰ ਦਾ ਵਹਿਮ ਹੁੰਦਾ ਹੈ। ਇਸ ਸਚਾਈ ਤੋਂ ਮੂੰਹ ਫੇਰਨ ਵਾਲੇ ਸਾਹਿਤਕਾਰ ਤੇ ਲੇਖਕ ਵੀ ਕਬੂਤਰ ਵਾਂਗ ਵਹਿਮ ਦੇ ਸ਼ਿਕਾਰ ਸਮਝੇ ਜਾ ਸਕਦੇ ਹਨ, ਹੋਰ ਕੁਝ ਨਹੀਂ।

ਇੱਥੇ ਖ਼ਾਸ ਗੱਲ ਇਹ ਹੈ ਕਿ ਇਹ ਬਿਰਤੀ ਜਾਂ ਸੁਭਾਓ ਇਕੱਲੇ ਸਾਹਿਤ ਦੇ ਖ਼ੇਤਰ ਵਿੱਚ ਹੀ ਦੇਖਣ ਨੂੰ ਨਹੀਂ ਮਿਲਦਾ ਬਲਕਿ ਮਨੁੱਖੀ ਜੀਵਨ ਦੇ ਹਰ ਖ਼ੇਤਰ ਵਿੱਚ ਦੇਖਣ ਨੂੰ ਮਿਲਦਾ ਹੈ। ਹੋਰ ਤਾਂ ਹੋਰ ਪਸ਼ੂਆਂ ਵਿੱਚ ਵੀ ਇਹ ਬਿਰਤੀ ਦੇਖੀ ਜਾ ਸਕਦੀ ਹੈ। ਵਰ੍ ?ਆਂ ਤੋਂ ਕਿਸੇ ਜੰਗਲ ਵਿੱਚ ਸ਼ਿਕਾਰ ਕਰਦੇ ਬੱਬਰ ਸ਼ੇਰ ਨੂੰ ਜਦੋਂ ਇਹ ਪਤਾ ਲੱਗਦਾ ਹੈ ਕਿਸੇ ਹੋਰ ਇਲਾਕੇ ਦਾ ਸ਼ੇਰ ਉਸਦੇ ਇਲਾਕੇ ਵਿੱਚ ਆ ਗਿਆ ਹੈ ਤਾਂ ਉਹ ਆਪਣੇ ਸ਼ਿਕਾਰ ਨੂੰ ਭੁੱਲ ਕੇ ਪਹਿਲਾਂ ਉਸ ਸ਼ੇਰ ਦਾ ਖ਼ਾਤਮਾ ਕਰਨਾ ਚਾਹੁੰਦਾ ਹੈ ਜਿਹੜਾ ਉਸਦੇ ਇਲਾਕੇ ਵਿੱਚ ਵੜਿਆ ਹੁੰਦਾ ਹੈ।

ਵਿਦਵਾਨਾਂ ਦਾ ਕਥਨ ਹੈ ਕਿ ਇੱਕੋ ਥਾਵੇਂ ਖੜਾ ਪਾਣੀ ਵੀ ਕੁਝ ਚਿਰ ਮਗ਼ਰੋਂ ਮੁਸ਼ਕ ਮਾਰਨ ਲੱਗ ਪੈਂਦਾ ਹੈ ਫੇਰ ਇੱਕੋ ਥਾਵੇਂ ਰੁਕਿਆ ਬੰਦਾ ਕਿੰਝ ਅੱਗੇ ਵੱਧ ਸਕਦਾ ਹੈ? ਬੰਦੇ ਨੇ ਜਦੋਂ ਆਪਣਾ ਘਰ ਬਦਲਣਾ ਹੋਵੇ ਤਾਂ ਮਨ ਵਿੱਚ ਡਰ ਹੁੰਦਾ ਹੈ ਕਿ ਗੁਆਂਢੀ ਖ਼ੌਰੇ ਕਿੰਝ ਦੇ ਹੋਣਗੇ? ਬਿਲਕੁਲ ਇੰਝ ਹੀ ਸਕੂਲ ਬਦਲਦਿਆਂ, ਕਾਲਜ ਬਦਲਦਿਆਂ, ਥਾਂ ਬਦਲਦਿਆਂ, ਕਾਰੋਬਾਰ ਬਦਲਦਿਆਂ ਅਤੇ ਮਨੁੱਖੀ ਜ਼ਿੰਦਗੀ ਨਾਲ ਜੁੜੇ ਕਿਸੇ ਵੀ ਮਸਲੇ ਨਾਲ ਸੰਬੰਧਤ ਬਦਲਾਓ ਜਾਂ ਤਬਦੀਲੀ ਹੁੰਦੀ ਹੈ ਤਾਂ ਮਨੁੱਖ ਦੇ ਮਨ ਨੂੰ ਚੰਗਾ ਨਹੀਂ ਲੱਗਦਾ। ਹਾਂ, ਬਾਅਦ ਵਿੱਚ ਕੁਝ ਚਿਰ ਮਗ਼ਰੋਂ ਮਨ ਇਸ ਬਦਲਾਓ ਨੂੰ ਪਰਵਾਨ ਕਰ ਲੈਂਦਾ ਹੈ ਅਤੇ ਜ਼ਿੰਦਗੀ ਪਹਿਲਾਂ ਵਾਂਗ ਸਹਿਜ ਢੰਗ ਨਾਲ ਤੁਰਨ ਲੱਗਦੀ ਹੈ। ਪਰ ਬਦਲਾਓ ਦਾ ਡਰ. ਭੈਅ ਮਨੁੱਖ ਦੇ ਮਨ 'ਚ ਸਦਾ ਬਣਿਆ ਰਹਿੰਦਾ ਹੈ।

ਪੰਜਾਬੀ ਸਾਹਿਤ-ਜਗਤ ਦੀ ਗੱਲ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਆਮ ਤੌਰ 'ਤੇ ਪੁਰਾਣੇ ਲੇਖਕ ਪਹਿਲਾਂ ਤਾਂ ਨਵੇਂ ਲੇਖਕਾਂ ਨੂੰ ਬਹੁਤਾ ਪਰਵਾਨ ਨਹੀਂ ਕਰਦੇ ਅਤੇ ਹਰ ਰਚਨਾ 'ਤੇ ਅਕਸਰ ਟੀਕਾ-ਟਿੱਪਣੀ ਕਰਕੇ ਉਸਦੇ ਆਤਮ-ਵਿਸ਼ਵਾਸ ਨੂੰ ਤੋੜਨ ਦਾ ਯਤਨ ਕਰਦੇ ਹਨ। ਪਰ, ਫੇਰ ਵੀ ਜਦੋਂ ਕੋਈ ਨਵਾਂ ਲੇਖਕ-ਲੇਖਿਕਾ ਆਪਣੇ ਖ਼ੇਤਰ ਵਿੱਚ ਨਿਰੰਤਰ ਕਾਰਜਸ਼ੀਲ ਰਹਿੰਦਾ ਹੈ ਤਾਂ ਸਹਿਜੇ-ਸਹਿਜੇ ਉਹ ਆਪਣੀ ਪਛਾਣ ਕਾਇਮ ਕਰਨ ਦੇ ਕਾਬਿਲ ਹੋ ਜਾਂਦਾ ਹੈ।

ਕੁਝ ਪੁਰਾਣੇ ਲੇਖਕਾਂ ਨੂੰ ਜਿੱਥੇ ਇਸ ਗੱਲ ਦਾ ਮਲਾਲ ਹੈ ਕਿ ਉਨ੍ਹਾਂ ਦੀ ਥਾਂ 'ਤੇ ਨਵੇਂ ਲੋਕ ਆ ਰਹੇ ਹਨ ਉੱਥੇ ਇਸ ਗੱਲ ਦਾ ਗੁੱਸਾ ਵੀ ਹੈ ਕਿ ਇਹ ਨਵੇਂ ਪੱਤੇ (ਨਵੇਂ ਲੇਖਕ-ਲੇਖਿਕਾ) ਲਿਖਤਾਂ ਜਾਂ ਸਿਰਜਣਾ ਦੀ ਸ਼ਕਤੀ ਰਾਹੀਂ ਉਨ੍ਹਾਂ ਤੋਂ ਉੱਪਰ ਉੱਠ ਰਹੇ ਹਨ ਭਾਵ ਅੱਗੇ ਨਿਕਲ ਰਹੇ ਹਨ। ਪ੍ਰੋ. ਰਾਬਿੰਦਰ ਮਸਰੂਰ ਇਸੇ ਭਾਵ ਨੂੰ ਬੜੇ ਵਿਅੰਗ ਵਿਧੀ ਰਾਹੀਂ ਆਪਣੇ ਮਿਸਰੇ ਵਿੱਚ 'ਇਹ ਨਵੇਂ ਪੱਤੇ ਨਿਕਲਦੇ ਸਾਰ ਸਿਖਰਾਂ ਹੋ ਗਏ।' ਕਹਿੰਦਾ ਹੈ।

ਪੰਜਾਬੀ ਲੋਕ-ਜੀਵਨ ਵਿੱਚ ਆਮ ਹੀ ਕਹਾਵਤ ਹੈ ਕਿ ਬੰਦਾ ਆਪਣੇ ਦੁੱਖ ਤੋਂ ਓਨਾ ਦੁਖੀ ਨਹੀਂ ਹੁੰਦਾ ਜਿੰਨਾ ਦੂਜੇ ਦੇ ਸੁੱਖ ਤੋਂ ਦੁਖੀ ਹੁੰਦਾ ਹੈ। ਇਹ ਬਿਰਤੀ ਇਕੱਲੇ ਸਾਹਿਤ-ਜਗਤ ਵਿੱਚ ਹੀ ਦੇਖਣ ਨੂੰ ਨਹੀਂ ਮਿਲਦੀ ਬਲਕਿ ਮਨੁੱਖੀ ਜੀਵਨ ਦੇ ਹਰ ਖ਼ੇਤਰ ਵਿੱਚ ਦੇਖਣ ਨੂੰ ਮਿਲਦੀ ਹੈ। ਕਿੱਤਾ ਕੋਈ ਵੀ ਹੋਵੇ ਪੁਰਾਣੇ ਲੋਕ ਨਵੇਂ ਲੋਕਾਂ ਨੂੰ ਅੱਗੇ ਨਹੀਂ ਆਉਣ ਦੇਣਾ ਚਾਹੁੰਦੇ।

'ਝੜ ਰਹੇ ਪੱਤੇ' ਆਪਣਾ ਜੀਵਨ ਭੋਗ ਕੇ ਰੁੱਤ ਅਤੇ ਸਮੇਂ ਦੇ ਮੁਤਾਬਕ ਡਿੱਗਦੇ ਹਨ ਅਤੇ ਨਵੇਂ ਪੱਤੇ ਰੁੱਤ ਅਤੇ ਸਮੇਂ ਦੇ ਮੁਤਾਬਕ ਸਿਖ਼ਰ 'ਤੇ ਸੋਭਦੇ ਹਨ। ਇੱਥੇ ਇੱਕ ਗੱਲ ਜ਼ਿਹਨ ਵਿੱਚ ਰੱਖਣ ਵਾਲੀ ਹੈ ਕਿ ਇਹ ਸਮਾਂ ਇੱਥੇ ਵੀ ਨਹੀਂ ਰੁਕਣਾ। ਰੁੱਤ ਨੇ ਫੇਰ ਬਦਲਣਾ ਹੈ ਅਤੇ ਫੇਰ ਨਵੇਂ ਪੱਤੇ ਪੁੰਗਰਨੇ ਹਨ। ਫੇਰ ਨਵਿਆਂ ਦੀ ਰੁੱਤ ਆਉਣੀ ਹੈ। ਫੇਰ ਸਮੇਂ ਦੇ ਗੇੜ ਵਿੱਚ ਇਹ ਪੱਤੇ ਡਿੱਗਣੇ ਸ਼ੁਰੂ ਹੋ ਜਾਣਗੇ ਅਤੇ ਇਨ੍ਹਾਂ ਦੀ ਥਾਵੇਂ ਨਵੇਂ ਪੱਤੇ ਸਿਖ਼ਰ 'ਤੇ ਹੋਣਗੇ। ਇਹ ਸਿਲਸਿਲਾ ਅਨੰਤ-ਅਨੰਤ ਕਾਲ ਤੱਕ ਇੰਝ ਹੀ ਚੱਲਦਾ ਰਹੇਗਾ। ਇਸ ਨੂੰ ਰੋਕਿਆ, ਬਦਲਿਆ ਜਾਂ ਟਾਲ਼ਿਆ ਨਹੀਂ ਜਾ ਸਕਦਾ। ਇਸ ਲਈ ਜਿੰਨਾ ਵਕਤ ਮਿਲਿਆ ਹੈ ਉਸ ਨੂੰ ਪ੍ਰੇਮ ਨਾਲ ਬਿਤਾਉਣਾ ਚਾਹੀਦਾ ਹੈ।

ਆਧੁਨਿਕ ਸੰਦਰਭ ਵਿੱਚ ਗੱਲ ਕਰਦਿਆਂ ਇੰਝ ਕਿਹਾ ਜਾ ਸਕਦਾ ਹੈ ਕਿ ਕੁਰਸੀਆਂ ਤਾਂ ਕੁਝ ਵਕਤ ਤੱਕ ਰਹਿ ਸਕਦੀਆਂ ਹਨ ਪਰ ਕੁਰਸੀਆਂ 'ਤੇ ਬੈਠਣ ਵਾਲੇ ਲੋਕ ਸਮੇਂ ਦੇ ਮੁਤਾਬਕ ਬਦਲਦੇ ਰਹਿਣਗੇ। ਹੁਣ ਕੋਈ ਵਿਅਕਤੀ ਇਸ ਕੁਰਸੀ ਨੂੰ ਹਮੇਸ਼ਾ ਲਈ ਆਪਣੀ ਜਾਗੀਰ ਸਮਝ ਲਵੇ ਤਾਂ ਉਸ ਨੂੰ ਮੂਰਖ਼ ਹੀ ਕਿਹਾ ਜਾ ਸਕਦਾ ਹੈ, ਹੋਰ ਕੁਝ ਨਹੀਂ।

ਆਖ਼ਰ ਵਿੱਚ ਉੱਪਰ ਕੀਤੀ ਗਈ ਵਿਚਾਰ-ਚਰਚਾ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਸਾਹਿਤ, ਸਮਾਜ ਅਤੇ ਸੰਵੇਦਨਾਵਾਂ ਦਾ ਇਹ ਪ੍ਰਸੰਗ ਮਨੋਵਿਗਿਆਨਕ ਮੁਲਾਂਕਣ ਦੀ ਸ਼ ?ਰੇਣੀ ਵਿੱਚ ਲੰਮੀ ਵਿਚਾਰ-ਚਰਚਾ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਇਹ ਬਿਰਤੀ ਸਮਾਜ ਵਿੱਚੋਂ ਉਪਜ ਕੇ ਸਾਹਿਤ ਵਿੱਚ ਆਪਣੀ ਛਾਪ ਛੱਡਦੀ ਹੈ ਅਤੇ ਫੇਰ ਮਨੁੱਖੀ ਮਨ ਦੀਆਂ ਕੋਮਲ ਸੰਵੇਦਨਾਵਾਂ ਵਿੱਚ ਘਰ ਕਰ ਲੈਂਦੀ ਹੈ। ਫੇਰ ਲੱਖ ਯਤਨ ਕਰਨ 'ਤੇ ਵੀ ਇਸ ਬਿਰਤੀ ਤੋਂ ਖਹਿੜਾ ਨਹੀਂ ਛੁਡਾਇਆ ਜਾ ਸਕਦਾ। ਜਿਵੇਂ ਉੱਪਰ ਵੀ ਜ਼ਿਕਰ ਕੀਤਾ ਜਾ ਚੁਕਿਆ ਹੈ ਕਿ ਇਹ ਬਿਰਤੀ ਨਾ ਰੋਕੀ ਜਾ ਸਕਦੀ ਹੈ, ਨਾ ਬਦਲੀ ਜਾ ਸਕਦੀ ਹੈ ਅਤੇ ਨਾ ਹੀ ਟਾਲ਼ੀ ਜਾ ਸਕਦੀ ਹੈ। ਕੁਝ ਹੱਦ ਤੱਕ ਘਟਾਈ ਜਾ ਸਕਦੀ ਹੈ, ਉਸ ਲਈ ਅਧਿਆਤਮ ਦੇ ਮਾਰਗ ਨੂੰ ਸਮਝਿਆ ਜਾ ਸਕਦਾ ਹੈ।

ਮਨੁੱਖ ਦਾ ਜੀਵਨ ਨਾਸ਼ਮਾਨ ਹੈ। ਇਸ ਬ੍ਰਹਿਮੰਡ ਦੀ ਹਰ ਸ਼ੈਅ ਨਾਸ਼ਮਾਨ ਹੈ। ਫੇਰ ਇਸ ਦਾ ਹੰਕਾਰ ਕਿਉਂ ਕੀਤਾ ਜਾਵੇ? ਚੰਦ ਦਿਨਾਂ ਲਈ ਸਿਖ਼ਰ ਤੇ ਝੂਲ ਕੇ ਪੱਤੇ ਨੇ ਆਖ਼ਰ ਨੂੰ ਧਰਤੀ 'ਤੇ ਹੀ ਡਿੱਗਣਾ ਹੈ:

**'ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ।।'**
**(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ** 488)

ਖ਼ੈਰ! ਮਨੁੱਖ ਨੂੰ ਆਪਣਾ ਜੀਵਨ ਸਹਿਜਤਾ ਨਾਲ ਬਤੀਤ ਕਰਨਾ ਚਾਹੀਦਾ ਹੈ ਅਤੇ ਮਨ ਵਿੱਚੋਂ ਈਰਖ਼ਾ, ਦਵੈਸ਼ ਦੀ ਭਾਵਨਾ ਕੱਢਣੀ ਚਾਹੀਦੀ ਹੈ। ਸਾਹਿਤ ਦੇ ਸੰਦਰਭ ਵਿੱਚ ਚਰਚਾ ਕਰਦਿਆਂ, ਨਵੇਂ ਲੇਖਕਾਂ ਤੇ ਸਾਹਿਤਕਾਰਾਂ ਨੂੰ ਹੱਲਾਸ਼ੇਰੀ ਦੇਣੀ ਚਾਹੀਦੀ ਹੈ ਅਤੇ ਅੱਗੇ ਵੱਧਣ ਦੀ ਪ੍ਰੇਰਣਾ ਦੇ ਕੇ ਆਪਣੇ ਫ਼ਰਜ਼ ਨੂੰ ਦਿਆਨਤਦਾਰੀ ਨਾਲ ਨਿਭਾਉਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਪੁਸ਼ਤਾਂ ਤੁਹਾਨੂੰ ਜਿੱਥੇ ਚੰਗੇ ਇਨਸਾਨ ਦੇ ਰੂਪ ਵਿੱਚ ਚੇਤੇ ਰੱਖਣ ਉੱਥੇ ਹੀ ਸਾਹਿਤ ਦੇ ਖੇਤਰ ਵਿੱਚ ਸੂਝਵਾਨ ਲੇਖਕ ਦੇ ਰੂਪ ਵਿੱਚ ਸਦੀਆਂ ਤਕ ਯਾਦ ਕੀਤਾ ਜਾਂਦਾ ਰਹੇ। ਇਹੋ ਅਰਦਾਸ ਹੈ ਮੇਰੀ...।

ਜਿਉਂਦੇ-ਵੱਸਦੇ ਰਹੋ ਸਾਰੇ।

**ਡਾ. ਨਿਸ਼ਾਨ ਸਿੰਘ ਰਾਠੌਰ**
**ਸੰਪਰਕ:** 90414-98009.

# ਅਖੌਤੀ ਤਰੱਕੀ ! ਉਜਾੜੇ ਵੱਲ ਵੱਧਦੇ ਪੈਰ...!




ਜਲਵਾਯੂ ਪਰਿਵਰਤਨ ਦੇ ਕਾਰਨ ਇਸ ਵੇਲੇ ਭਾਰਤ ਅਤੇ ਦੁਨੀਆਂ ਦੇ ਬਹੁਤ ਸਾਰੇ ਮੁਲਕ ਵੱਖ-ਵੱਖ ਸਮੱਸਿਆਵਾਂ ਦੇ ਨਾਲ ਜੂਝ ਰਹੇ ਨੇ। ਕਈ ਜਗਾਵਾਂ 'ਤੇ ਸੋਕਾ ਹੈ ਅਤੇ ਕਈ ਜਗਾਵਾਂ 'ਤੇ ਹੜ੍ਹ ਇੰਨੇ ਜ਼ਿਆਦਾ ਆ ਚੁੱਕੇ ਨੇ ਕਿ, ਕੋਈ ਕਹਿਣ ਦੀ ਹੱਦ ਨਹੀਂ। ਕਿਤੇ ਗਰਮੀ ਇੰਨੀ ਜ਼ਿਆਦਾ ਪੈ ਰਹੀ ਹੈ ਕਿ ਲੋਕ ਮਰ ਰਹੇ ਨੇ, ਪਰ ਸਵਾਲ ਇਸ ਵਿਚਾਲੇ ਇਹ ਹੈ ਕਿ ਇਹ ਸਭ ਕੁਝ ਹੋ ਕਿਉਂ ਰਿਹਾ ? ਵੈਸੇ, ਜਲਵਾਯੂ ਪਰਿਵਰਤਨ ਦੇ ਕਾਰਨ ਪਿਛਲੇ ਕੁਝ ਸਮੇਂ ਦੌਰਾਨ ਦੁਨੀਆਂ ਦੇ ਕਈ ਮੁਲਕਾਂ ਵਿੱਚ ਤਬਾਹੀ ਮੱਚੀ ਹੈ। ਇਸ ਦੇ ਸਭ ਤੋਂ ਵੱਡੇ ਕਾਰਨ ਜਿਹੜੇ ਸਾਹਮਣੇ ਆਏ ਨੇ, ਉਹ ਅਖੌਤੀ ਤਰੱਕੀ ਹੈ। ਕਿਸੇ ਵੀ ਮੁਲਕ ਨੂੰ ਵਿਕਾਸ ਦੇ ਨਾਮ 'ਤੇ ਫ਼ੈਕਟਰੀ, ਕਾਰਖ਼ਾਨੇ ਅਤੇ ਸੜਕਾਂ ਤੋਂ ਇਲਾਵਾ ਮਾਲ ਉਸਾਰੇ ਜਾਂਦੇ ਨੇ, ਤਾਂ ਉਸ ਵੇਲੇ ਜਿੱਥੇ ਖੇਤੀ ਦਾ ਰਕਬਾ ਖਤਮ ਕਰ ਦਿੱਤਾ ਜਾਂਦਾ ਹੈ, ਉੱਥੇ ਹੀ ਦੂਜੇ ਪਾਸੇ ਉੱਥੇ ਲਗਾਏ ਰੁੱਖਾਂ ਨੂੰ ਵੀ ਖਤਮ ਕਰ ਦਿੱਤਾ ਜਾਂਦਾ ਹੈ, ਜਿਸ ਦੇ ਕਾਰਨ ਧਰਤੀ ਹੇਠਲੀ ਪਰਤ ਅਤੇ ਸਾਹ ਲੈਣ ਦੀ ਪ੍ਰਕਿਰਿਆ ਵਿੱਚ ਅਚਾਨਕ ਬਦਲਾਅ ਆ ਜਾਂਦਾ ਹੈ। ਜਿਸ ਦੇ ਕਾਰਨ ਪਹਾੜੀ ਰਾਜਾਂ ਵਿੱਚ ਲੈਂਡਸਲਾਈਡ ਵਰਗੀਆਂ ਘਟਨਾਵਾਂ ਵਾਪਰਦੀਆਂ ਨੇ। ਜਦੋਂ ਪਹਾੜਾਂ ਨੂੰ ਕੱਟ ਕੇ ਉਥੇ ਨਵੇਂ ਰਸਤੇ ਬਣਾਏ ਗਏ, ਨਾਲ ਹੀ ਹਰੇ ਭਰੇ ਰੁੱਖਾਂ ਨੂੰ ਕੱਟ ਵੱਢ ਦਿੱਤਾ ਗਿਆ। ਉਦੋਂ ਹੀ ਹੜ੍ਹਾਂ ਵਰਗੀਆਂ ਕਰੋਪੀਆਂ ਦਾ ਮਨੁੱਖ ਨੂੰ ਸਾਹਮਣਾ ਕਰਨਾ ਪਿਆ। ਇਹ ਸਭ ਕੁੱਝ ਉਨ੍ਹਾਂ ਕੁੱਝ ਕੁ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਵਾਸਤੇ ਹਾਕਮਾਂ ਦੇ ਵੱਲੋਂ ਕੀਤਾ ਗਿਆ, ਜਿੰਨ੍ਹਾਂ ਨੇ ਹੁਣ ਤੱਕ ਮੁਲਕ ਦੇ ਨਾਲ ਧਰੋਹ ਹੀ ਕਮਾਇਆ ਹੈ। ਵੈਸੇ ਤਾਂ ਸਾਡੇ ਮੁਲਕ ਦੇ ਅੰਦਰ, ਜਿਸ ਤਰੀਕੇ ਦੇ ਨਾਲ ਰੁੱਖਾਂ ਦੀ ਕਟਾਈ ਹੋ ਰਹੀ ਹੈ ਅਤੇ ਪਿਛਲੇ ਦਿਨੀਂ ਖਬਰਾਂ ਆਈਆਂ ਸਨ ਕਿ ਅਰਾਵਲੀ ਪਰਬਤਾਂ ਨੂੰ ਸਰਕਾਰ ਦੇ ਵੱਲੋਂ ਖਤਮ ਕਰਨ ਦਾ ਟੀਚਾ ਮਿਥਿਆ ਗਿਆ ਸੀ।

ਬੇਸ਼ੱਕ ਦੇਸ਼ ਦੇ ਬਹੁਤੇ ਸੂਬਿਆਂ ਵਿੱਚ ਸਰਕਾਰ ਦੀ ਇਸ ਚਾਲ ਦੇ ਵਿਰੁੱਧ ਲੋਕਾਈ ਆਵਾਜ਼ ਬੁਲੰਦ ਹੋਣ ਤੋਂ ਬਾਅਦ ਸਰਕਾਰ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ ਅਤੇ ਕੋਰਟ ਦੇ ਵਿੱਚ ਸਰਕਾਰ ਨੇ ਆਖ ਦਿੱਤਾ ਕਿ ਅਰਾਵਲੀ ਪਰਬਤਾਂ ਨੂੰ ਹੁਣ ਕੱਟਿਆ ਵੱਢਿਆ ਨਹੀਂ ਜਾਵੇਗਾ, ਪਰ ਸਵਾਲ ਇਹ ਹੈ ਕਿ ਇੱਕ ਵਾਰ ਤਾਂ ਸਰਕਾਰ ਨੇ ਆਪਣੀ 'ਆਰੀ' ਰੋਕ ਦਿੱਤੀ, ਪਰ ਅਗਲੇ ਸਮੇਂ ਦੇ ਵਿੱਚ ਕੀ ਕੁਝ ਹੁੰਦਾ ਹੈ ਇਹ ਤਾਂ ਵਕਤ ਹੀ ਦੱਸੇਗਾ ਅਤੇ ਹੋ ਸਕਦਾ ਹੈ ਇਸੇ ਕਾਟ-ਸ਼ਾਟ ਵਾਲੀ ਸਕੀਮ ਨੂੰ ਮੁੜ ਬਹਾਲ ਕਰਕੇ ਚੋਰੀ-ਛੁਪੇ ਪਹਾੜ ਉਡਾ ਦਿੱਤੇ ਜਾਣ।

ਵੈਸੇ, ਪਹਾੜਾਂ ਨੂੰ ਕੱਟ ਕੇ ਉਥੇ ਨਜਾਇਜ਼ ਮਾਈਨਿੰਗ ਕਰਨ ਵਾਲੇ ਮਾਫੀਆ ਨੂੰ ਹਮੇਸ਼ਾ ਸੱਤਾਧਿਰ ਦੀ ਹੀ ਸ਼ਹਿ ਹੁੰਦੀ ਹੈ, ਜਿਸ ਦੇ ਕਾਰਨ ਜਿੱਥੇ ਦਰਿਆਵਾਂ ਦਾ ਨਾਸ ਵੱਜਦਾ ਹੈ, ਉੱਥੇ ਹੀ ਦੂਜੇ ਪਾਸੇ ਮਾਈਨਿੰਗ ਦੇ ਕਾਰਨ ਧਰਤੀ ਖੋਖਲੀ ਹੋ ਜਾਂਦੀ ਹੈ, ਜਿਸ ਦੇ ਕਾਰਨ ਹੜ੍ਹਾਂ ਦਾ ਖਤਰਾ ਵੱਧ ਜਾਂਦਾ ਹੈ। ਰੁੱਖਾਂ ਦੇ ਸੁੱਕਣ ਦੇ ਨਾਲ ਨਾਲ ਰੁੱਖਾਂ ਦੀ ਇੱਕ ਜਗ ?ਹਾ ਤੋਂ ਦੂਜੀ ਜਗ ?ਹਾ ਕੀਤੀ ਗਈ ਤਬਦੀਲੀ ਨੇ, ਕਿਸ ਤਰ੍ਹਾਂ ਸੈਂਕੜੇ ਰੁੱਖਾਂ ਨੂੰ ਖ਼ਤਮ ਕਰ ਦਿੱਤਾ, ਇਸ ਬਾਰੇ ਕੇਂਦਰ ਸਰਕਾਰ ਨੇ ਇੱਕ ਰਿਪੋਰਟ ਲੋਕ ਸਭਾ ਵਿੱਚ ਪੇਸ਼ ਕੀਤੀ ਹੈ।

ਕੇਂਦਰ ਸਰਕਾਰ ਦੁਆਰਾ ਸਾਂਝੀ ਕੀਤੀ ਗਈ ਇੱਕ ਜਾਣਕਾਰੀ ਦੇ ਮੁਤਾਬਕ ਰੁੱਖਾਂ ਨੂੰ ਇੱਕ ਜਗ ?ਹਾ ਤੋਂ ਦੂਜੀ ਜਗ ?ਹਾ 'ਤੇ ਤਬਦੀਲ ਕਰਨ ਵਿੱਚ ਜਿੱਥੇ ਖਾਸੀ ਪਰੇਸ਼ਾਨੀ ਆਉਂਦੀ ਹੈ, ਉੱਥੇ ਹੀ ਦੂਜੇ ਪਾਸੇ ਕਈ ਰੁੱਖ ਖਤਮ ਵੀ ਹੋ ਜਾਂਦੇ ਨੇ। 2 ਅਪ੍ਰੈਲ 2026 ਨੂੰ ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਜਾਣਕਾਰੀ ਦਿੱਤੀ ਕਿ ਸੈਂਟਰਲ ਵਿਸਟਾ ਪ੍ਰੀਡਿਵੈਲਪਮੈਂਟ ਪ੍ਰੋਜੈਕਟ ਲਈ ਲਗਾਏ ਗਏ ਰੁੱਖਾਂ ਵਿੱਚੋਂ ਵੱਡੀ ਗਿਣਤੀ ਵਿੱਚ ਰੁੱਖ ਬਚ ਹੀ ਨਹੀਂ ਸਕੇ। ਜਾਣਕਾਰੀ ਦੇ ਅਨੁਸਾਰ, 3500 ਤੋਂ ਵੱਧ ਰੁੱਖ ਇੱਕ ਜਗ ?ਹਾ ਤੋਂ ਦੂਜੀ ਜਗ ?ਹਾ 'ਤੇ ਤਬਦੀਲ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ 1500 ਤੋਂ ਵੱਧ ਰੁੱਖ ਇੱਕ ਜਗ ?ਹਾ ਤੋਂ ਦੂਜੀ ਜਗ ?ਹਾ ਟਰਾਂਸਪਲਾਂਟੇਸ਼ਨ ਕਰਨ ਤੋਂ ਬਾਅਦ ਖਤਮ ਹੋ ਗਏ। ਰਿਆਇਸ਼ੀ ਅਤੇ ਸ਼ਹਿਰੀ ਮਾਮਲਿਆਂ ਦੇ ਰਾਜ ਮੰਤਰੀ ਤੋਖਨ ਸਾਹੂ ਨੇ ਕਿਹਾ ਕਿ ਇਹ ਰੁੱਖ ਪ੍ਰੋਜੈਕਟ ਸਾਈਟ ਦੇ ਵੱਖ-ਵੱਖ ਹਿੱਸਿਆਂ ਤੋਂ ਹਟਾ ਦਿੱਤੇ ਗਏ ਸਨ ਅਤੇ ਕਿਤੇ ਹੋਰ ਲਗਾਏ ਗਏ ਸਨ, ਜਿਨ੍ਹਾਂ ਵਿੱਚ ਸਭ ਤੋਂ ਵੱਧ ਰੁੱਖ 1,734 ਕਾਰਤਵਯ ਭਵਨ 1, 2, ਅਤੇ 3 ਦੇ ਨਿਰਮਾਣ ਸਥਾਨਾਂ ਤੋਂ ਹਟਾਏ ਗਏ ਸਨ। ਇਸ ਤੋਂ ਇਲਾਵਾ 402 ਰੁੱਖ ਨਵੇਂ ਸੰਸਦ ਭਵਨ ਕੰਪਲੈਕਸ ਤੋਂ, 390 ਉਪ ਰਾਸ਼ਟਰਪਤੀ ਦੇ ਐਨਕਲੇਵ ਤੋਂ, ਅਤੇ 143 ਪ੍ਰਧਾਨ ਮੰਤਰੀ ਦਫਤਰ ਅਤੇ ਨਿਵਾਸ ਪ੍ਰੋਜੈਕਟ ਸਾਈਟ ਤੋਂ ਤਬਦੀਲ ਕੀਤੇ ਗਏ ਸਨ।

ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਦੱਸਿਆ ਕਿ, ਸਾਲ 2023-24 ਤੋਂ 2025-26 ਦੇ ਵਿਚਕਾਰ ਰੁੱਖਾਂ ਨੂੰ ਦੂਜੀ ਥਾਂ ਲਗਾਉਣ ਅਤੇ ਨਵੇਂ ਬੂਟੇ ਲਗਾਉਣ 'ਤੇ ਕੁੱਲ 5.29 ਕਰੋੜ ਰੁੱਖ ਖ਼ਰਚ ਕੀਤੇ ਗਏ ਹਨ। ਰੁੱਖਾਂ ਦੀ ਕਟਾਈ ਦੀ ਭਰਪਾਈ ਲਈ ਬਦਰਪੁਰ ਸਥਿਤ ਐਨਟੀਪੀਸੀ ਈਕੋ ਪਾਰਕ ਵਿੱਚ 24,450 ਅਤੇ ਘਿਟੋਰਨੀ ਖੇਤਰ ਵਿੱਚ 1,730 ਪੌਦੇ ਰੋਪੇ ਗਏ ਹਨ। ਇਹ ਧਿਆਨ ਦੇਣ ਯੋਗ ਹੈ ਕਿ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰਾਲੇ ਨੇ 2019 ਵਿੱਚ ਕੇਂਦਰੀ ਲੋਕ ਨਿਰਮਾਣ ਵਿਭਾਗ ਰਾਹੀਂ ਸੈਂਟਰਲ ਵਿਸਟਾ ਪ੍ਰੋਜੈਕਟ ਸ਼ੁਰੂ ਕੀਤਾ ਸੀ। ਇਸ ਵਿਆਪਕ ਯੋਜਨਾ ਦੇ ਤਹਿਤ, ਇੱਕ ਨਵੀਂ ਸੰਸਦ ਭਵਨ, ਇੱਕ ਉਪ ਰਾਸ਼ਟਰਪਤੀ ਦਾ ਐਨਕਲੇਵ, ਇੱਕ ਕਾਰਜਕਾਰੀ ਐਨਕਲੇਵ (ਪ੍ਰਧਾਨ ਮੰਤਰੀ ਦਫ਼ਤਰ ਅਤੇ ਨਿਵਾਸ ਸਮੇਤ), ਅਤੇ 10 ਨਵੀਆਂ ਦਫਤਰੀ ਇਮਾਰਤਾਂ ਬਣਾਉਣ ਦੀਆਂ ਯੋਜਨਾਵਾਂ ਹਨ, ਜਿਨ੍ਹਾਂ ਨੂੰ ਸਮੂਹਿਕ ਤੌਰ 'ਤੇ 'ਕਾਮਨ ਸੈਂਟਰਲ ਸਕੱਤਰੇਤ' (ਕਰਤਾਵਯ ਭਵਨ) ਵਜੋਂ ਜਾਣਿਆ ਜਾਂਦਾ ਹੈ।

ਵੈਸੇ, ਵੇਖਿਆ ਜਾਵੇ ਤਾਂ ਇਹ ਤਾਂ ਸਿਰਫ ਉਹ ਰਿਪੋਰਟ ਹੈ, ਜਿਹੜੀ ਕੇਂਦਰ ਸਰਕਾਰ ਨੇ ਇੱਕ ਲਿਖਤੀ ਜਵਾਬ ਵਿੱਚ ਲੋਕ ਸਭਾ ਵਿੱਚ ਦਿੱਤੀ, ਜਦੋਂ ਕਿ ਅਸਲੀਅਤ ਤਾਂ ਇਸ ਤੋਂ ਕਿਤੇ ਅੱਗੇ ਹੈ। ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਇਸ ਵੇਲੇ ਵੱਡੇ ਪੱਧਰ 'ਤੇ ਰੁੱਖਾਂ ਦੀ ਕਟਾਈ ਹੋ ਰਹੀ ਹੈ, ਜਿਨ੍ਹਾਂ ਦਾ ਕੋਈ ਹਿਸਾਬ ਨਹੀਂ। ਭਾਵੇਂ ਹੀ ਸੁਪਰੀਮ ਕੋਰਟ ਅਤੇ ਹਾਈਕੋਰਟਾਂ ਦੇ ਵੱਲੋਂ ਸਮੇਂ-ਸਮੇਂ 'ਤੇ ਰੁੱਖ ਕੱਟਣ ਵਾਲਿਆਂ ਨੂੰ ਝਾੜ ਪਾਈ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਸਰਕਾਰਾਂ ਨੂੰ ਨੋਟਿਸ ਜਾਰੀ ਕਰਕੇ ਜਵਾਬ-ਤਲਬੀ ਕੀਤੀ ਜਾਂਦੀ ਹੈ, ਪਰ ਇਸ ਦਾ ਅਸਰ ਕਿਧਰੇ ਵੀ ਵੇਖਣ ਨੂੰ ਨਹੀਂ ਮਿਲ ਰਿਹਾ। ਅਦਾਲਤਾਂ ਦੇ ਹੁਕਮਾਂ ਨੂੰ ਜਿੱਥੇ ਛਿੱਕੇ ਟੰਗਿਆ ਜਾ ਰਿਹਾ ਹੈ, ਉਥੇ ਹੀ ਦੂਜੇ ਪਾਸੇ ਰੁੱਖਾਂ ਦੀ ਵੱਡੇ ਪੱਧਰ 'ਤੇ ਕੀਤੀ ਜਾ ਰਹੀ ਕਟਾਈ ਅਤੇ ਕੁਝ ਰੁੱਖਾਂ ਨੂੰ ਵਿਕਾਸ ਦੇ ਨਾਮ 'ਤੇ ਅਤੇ ਹਾਈਵੇ ਬਣਾਉਣ ਦੇ ਨਾਮ 'ਤੇ ਕੱਟਿਆ ਵੱਢਿਆ ਜਾ ਰਿਹਾ ਹੈ, ਜਿਸ ਦੇ ਕਾਰਨ ਜਿੱਥੇ ਵਾਤਾਵਰਨ ਵਿੱਚ ਬਹੁਤ ਜਿਆਦਾ ਤਬਦੀਲੀ ਆ ਰਹੀ ਹੈ ਅਤੇ ਇਸ ਦਾ ਅਸਰ ਤਾਪਮਾਨ ਉੱਪਰ ਵੀ ਪੈ ਰਿਹਾ ਹੈ। ਤਾਪਮਾਨ ਵਿੱਚ ਤਬਦੀਲੀ ਦੇ ਨਾਲ ਨਾਲ ਪੰਜਾਬ ਸਮੇਤ ਕਈ ਸੂਬਿਆਂ ਵਿੱਚ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ ਅਤੇ ਕੁੱਝ ਥਾਵਾਂ 'ਤੇ ਪਾਣੀ ਪ੍ਰਦੂਸ਼ਤ ਹੋਣ ਦੀਆਂ ਰਿਪੋਰਟਾਂ ਦਰਜ ਕੀਤੀਆਂ ਗਈਆਂ ਹਨ।

ਖੈਰ, ਅਸਲੀਅਤ ਇਹ ਹੈ ਕਿ, ਰੁੱਖਾਂ ਨੂੰ ਕੱਟਿਆ ਵੱਢਿਆ ਜਾ ਰਿਹਾ ਹੈ ਅਤੇ ਇਸੇ ਸਭ ਦੇ ਕਾਰਨ ਹੀ ਦੇਸ਼-ਦੁਨੀਆਂ ਵਿੱਚ ਬੇਮੌਸਮੀਆਂ ਬਰਸਾਤਾਂ ਹੋ ਰਹੀਆਂ ਨੇ, ਹੜ੍ਹ ਆ ਰਹੇ ਨੇ ਅਤੇ ਕੁਝ ਥਾਵਾਂ 'ਤੇ ਇੰਨਾ ਜ਼ਿਆਦਾ ਸੋਕਾ ਪੈ ਰਿਹਾ ਹੈ ਕਿ ਕੋਈ ਕਹਿਣ ਦੀ ਹੱਦ ਨਹੀਂ, ਲੋਕ ਮਰ ਰਹੇ ਨੇ ਅਤੇ ਕਾਰਪੋਰੇਟ ਘਰਾਣੇ, ਸਰਕਾਰਾਂ, ਸਿਸਟਮ ਸਭ ਤਮਾਸ਼ਾ ਵੇਖ ਰਿਹਾ ਹੈ।

ਲੋੜ ਹੈ ਇੱਕ ਚੰਗੀ ਨੀਤੀ ਬਣਾਉਣ ਦੀ, ਇਸ ਲਈ ਪੜ੍ਹੇ ਲਿਖੇ ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ, ਤਾਂ ਹੀ ਸਾਡੇ ਵਾਤਾਵਰਨ ਨੂੰ ਬਚਾਇਆ ਜਾ ਸਕਦਾ ਹੈ, ਨਹੀਂ ਤਾਂ ਉਹ ਵੇਲਾ ਦੂਰ ਨਹੀਂ, ਜਦੋਂ ਅਸੀਂ ਪਾਣੀ ਨੂੰ ਵੀ ਤਰਸਾਂਗੇ ਅਤੇ ਅਨਾਜ ਲਈ ਜ਼ਮੀਨਾਂ ਨੂੰ ਵੀ। ਬਾਕੀ, ਦੇਖਦੇ ਹਾਂ ਕਿ ਅਗਲੇ ਸਮੇਂ ਦੇ ਵਿੱਚ ਕੀ ਕੁਝ ਹੁੰਦਾ ਹੈ ?

**ਗੁਰਪ੍ਰੀਤ**
9569820314

# ਅਸੰਭਵ ਸ਼ਬਦ ਦਾ ਤਿਆਗ

ਅਜੋਕੇ ਯੁੱਗ ਵਿੱਚ ਤੇਜ ਰਫਤਾਰ ਜਿੰ?ਦਗੀ ਦੇ ਚਲਦਿਆਂ ਇਹ ਸ਼ਬਦ ਸੁਣਨ ਨੂੰ ਮਿਲਦੇ ਹਨ ਕਿ ਇਹ ਕੰਮ ਤਾਂ ਮੇਰੇ ਲਈ ਅਸੰਭਵ ਹੈ ,ਹਾਲਾਂਕਿ ਸਿਆਣੇ, ਵਿਦਵਾਨ ਅਤੇ ਬੁੱਧੀਜੀਵੀ ਲੋਕ ਸਮਝਾਉਂਦੇ ਹਨ ਕਿ ਅਸੰਭਵ ਸ਼ਬਦ ਰੂਹ ਤੋਂ ਹਾਰੇ ਹੋਏ ਮਨੁੱਖਾਂ ਦਾ ਸ਼ਬਦ ਹੈ।

ਪੜ੍ਹਨ ਵਾਲੇ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਅਸੰਭਵ ਸ਼ਬਦ ਨੂੰ ਆਪਣੇ ਜੀਵਨ ਵਿੱਚੋਂ ਕੱਢ ਕੇ ਬਾਹਰ ਸੁੱਟ ਦੇਣ ।ਕਾਰਨ ਇਹ ਹੈ ਕਿ ਵਿਦਿਆਰਥੀਆਂ ਨੇ ਹੀ ਆਉਣ ਵਾਲੇ ਸਮੇਂ ਵਿੱਚ ਦੇਸ਼ ਅਤੇ ਸਮਾਜ ਦੀ ਵਾਗਡੋਰ ਆਪਣੇ ਹੱਥ ਵਿੱਚ ਸਾਂਭਣੀ ਹੁੰਦੀ ਹੈ। ਜੇਕਰ ਸਾਡੇ ਭਵਿੱਖੀ ਨੇਤਾ ਅਜਿਹੇ ਨਕਾਰਾਤਮਕ ਸ਼ਬਦ ਦੇ ਜਾਲ ਵਿੱਚ ਫਸ ਗਏ ਤਾਂ ਸਾਡੇ ਦੇਸ਼ ਅਤੇ ਸਮਾਜ ਨੂੰ ਕੌਣ ਬਚਾਏਗਾ ?



**ਸੁਰਿੰਦਰ ਪਾਲ ਕੌਰ ਧਨੌਲਾ (ਬਰਨਾਲਾ)**
**ਸੰਪਰਕ:-** 7009715355 ,
9878757904

ਸੋ ਵਿਦਿਆਰਥੀਆਂ ਲਈ ਇਹ ਲਾਜ਼ਮੀ ਹੈ ਕਿ ਉਹ ਅਸੰਭਵ ਸ਼ਬਦ ਦਾ ਪਹਿਲ ਦੇ ਆਧਾਰ ਤੇ ਤਿਆਗ ਕਰ ਦੇਣ। ਵਿਦਿਆਰਥੀ ਅਤੇ ਵਿੱਦਿਆ, ਫੇਰ ਵਿੱਦਿਆ ਅਤੇ ਵਿੱਦਿਅਕ ਸੰਸਥਾਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਹੈ ।ਅੱਖਰ ਗਿਆਨ ਲਈ ਵਿਦਿਆਰਥੀ ਦਾ ਸਕੂਲ ਵਿੱਚ ਜਾਣਾ ਬਹੁਤ ਜਰੂਰੀ ਹੈ। ਪ੍ਰਾਇਮਰੀ ਪੱਧਰ ਤੇ ਵਿਦਿਆਰਥੀਆਂ ਨੂੰ ਇਹ ਗੁਣ ਅਖਤਿਆਰ ਕਰਨਾ ਅਤਿ ਲਾਜ਼ਮੀ ਹੈ ਕਿ ਉਨ੍ਹਾਂ ਨੇ ਅਸੰਭਵ ਸ਼ਬਦ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਣਾ ।ਮਿਡਲ ਪੱਧਰ( ਛੇਵੀਂ ਤੋਂ ਅੱਠਵੀਂ) ਤੱਕ ਪਹੁੰਚ ਕੇ ਚੜ੍ਹਦੀ ਕਲਾ ਅਤੇ ਸਕਾਰਾਤਮਕ ਸੋਚ ਨਾਲ ਉਹ ਵਿੱਦਿਆ, ਖੇਡਾਂ ,ਸੰਗੀਤ ਕਲਾ ਆਦਿ ਖੇਤਰਾਂ ਵਿੱਚ ਮੱਲਾਂ ਮਾਰ ਸਕਦੇ ਹਨ। ਵੱਡੀਆਂ ਜਮਾਤਾਂ (ਨੌਵੀਂ ਤੋਂ ਬਾਰ੍ਹਵੀਂ) ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਅੰਦਰ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਹਨ। ਜਿੱਥੇ ਇਹ ਸਮਾਂ ਉਨ੍ਹਾਂ ਦੇ ਸਰੀਰਕ ਵਿਕਾਸ ਦਾ ਹੁੰਦਾ ਹੈ ,ਉੱਥੇ ਮਾਨਸਿਕ ਅਤੇ ਭਾਵਨਾਤਮਕ ਤੌਰ ਤੇ ਹੋ ਰਹੇ ਬਦਲਾਅ, ਉਨ੍ਹਾਂ ਅੰਦਰ ਇੱਕ ਤਰਾਂ ਨਾਲ ਖੌਰੂ ਹੀ ਪਾ ਦਿੰਦੇ ਹਨ। ਇਸ ਮੌਕੇ ਉਨ੍ਹਾਂ ਨੂੰ ਯੋਗ ਅਗਵਾਈ ਦੀ ਬਹੁਤ ਲੋੜ ਹੁੰਦੀ ਹੈ ।ਜੇਕਰ ਮਾਪੇ ਅਤੇ ਅਧਿਆਪਕ ਉਨ੍ਹਾਂ ਦੀ ਯੋਗ ਰਹਿਨੁਮਾਈ ਕਰਨ ਤਾਂ ਉਹ ਵਿਦਿਆਰਥੀ ਰੌਸ਼ਨ ਚਮਕਦੇ ਸਿਤਾਰੇ ਬਣ ਸਕਦੇ ਹਨ।

ਵਿਦਿਆਰਥੀ ਜੇਕਰ ਥੋੜ੍ਹੇ ਜਿਹੇ ਠਰ੍ਹੰਮੇ ਤੋਂ ਕੰਮ ਲੈਣ ਤਾਂ ਉਨ੍ਹਾਂ ਦੀ ਸਾਰੀ ਜ਼ਿੰਦਗੀ ਸਫ਼ਲਤਾ ਭਰਪੂਰ ਹੋ ਸਕਦੀ ਹੈ ।ਉਨ੍ਹਾਂ ਨੂੰ ਜਦੋਂ ਵੀ ਪੜ੍ਹਾਈ ਜਾਂ ਨੈਤਿਕ ਮੁੱਲਾਂ ਨੂੰ ਅਪਨਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਅਕਸਰ ਉਹ ਅਕੇਵਾਂ ਮਹਿਸੂਸ ਕਰਨ ਲੱਗਦੇ ਹਨ ।ਪ੍ਰੰਤੂ ਇਹ ਚਾਹੀਦਾ ਹੈ ਕਿ ਉਹ ਇਹ ਗੱਲ ਹਮੇਸਾਂ ਆਪਣੇ ਅੰਦਰ ਵਸਾ ਕੇ ਰੱਖਣ ਕਿ ਲੰਘਿਆ ਵੇਲਾ ਕਦੇ ਵੀ ਵਾਪਸ ਨਹੀਂ ਆ ਸਕਦਾ। ਇਸ ਕਰਕੇ ਵਰਤਮਾਨ ਸਮਾਂ ਉਨ੍ਹਾਂ ਦਾ ਕੀਮਤੀ ਸਮਾਂ ਹੈ ।ਇਹ ਠੀਕ ਹੈ ਕਿ ਵਿਦਿਆਰਥੀ ਜੀਵਨ ਦੀਆਂ ਮੌਜਾਂ ਵੀ ਦੁਬਾਰਾ ਨਹੀਂ ਮਿਲਦੀਆਂ। ਪ੍ਰੰਤੂ ਜੇਕਰ ਅਸੀਂ ਮਹਾਨ ਯੋਧੇ ਅਰਜਨ ਵਾਂਗ ਆਪਣਾ ਧਿਆਨ ਆਪਣੇ ਉਦੇਸ਼ ਤੇ ਹੀ ਕੇਂਦਰਤ ਕਰੀਏ ਤਾਂ ਸਾਨੂੰ ਕਾਫੀ ਚੀਜ਼ਾਂ ਫਜ਼ੂਲ ਜਾਪਣ ਲੱਗਣਗੀਆਂ। ਇੱਥੋਂ ਹੀ ਸ਼ਬਦ 'ਅਸੰਭਵ' ਦੇ ਤਿਆਗ ਦੀ ਭਾਵਨਾ ਉਪਜੇਗੀ। ਜੇਕਰ ਅਸੀਂ ਇਹ ਦ੍ਰਿੜ੍ਹ ਇਰਾਦਾ ਕਰ ਲਈਏ ਕਿ ਅਸੰਭਵ ਸ਼ਬਦ ਸਾਡੇ ਲਈ ਨਹੀਂ ਬਣਿਆ, ਤਾਂ ਅਸੀਂ ਹਰੇਕ ਖੇਤਰ ਵਿੱਚ ਕਾਮਯਾਬੀ ਪ੍ਰਾਪਤ ਕਰ ਸਕਾਂਗੇ। ਫਿਰ ਸਾਨੂੰ ਕੋਈ ਵੀ ਵਿਸ਼ਾ ਔਖਾ ਨਹੀਂ ਲੱਗੇਗਾ ।ਜਿਸ ਤਰਾਂ ਮਿਸਤਰੀ ਲੱਕੜੀ ਤੋਂ ਵਾਧੂ ਦੀਆਂ ਛਿਲਤਰਾਂ ਨੂੰ ਰੰਦੇ ਨਾਲ ਸਾਫ ਕਰਦਾ ਹੈ, ਉਵੇਂ ਹੀ ਸਾਨੂੰ ਅਸੰਭਵ, ਔਖਾ, ਮੁਸ਼ਕਿਲ ਆਦਿ ਸ਼ਬਦਾਂ ਨੂੰ ਰੰਦ ਕੇ ਜੀਵਨ ਨੂੰ ਸਾਵਾਂ ਅਤੇ ਪੱਧਰਾ ਕਰਨਾ ਆਉਣਾ ਚਾਹੀਦਾ ਹੈ । ਸੋ ਪਿਆਰੇ ਬੱਚਿਓ ! ਯਾਦ ਰੱਖੋ ਕਿ ਇਹ ਸਾਡਾ ਸਮੁੱਚਾ ਸਮਾਜ ਤੁਹਾਡੇ ਤੇ ਟੇਕ ਰੱਖਦਾ ਹੈ ।ਤੁਸੀਂ ਹੀ ਭਵਿੱਖ ਵਿੱਚ ਦੇਸ ਅਤੇ ਸਮਾਜ ਨੂੰ ਤਰੱਕੀ ਦੇ ਰਾਹ ਤੋਰਨਾ ਹੈ। ਇਸ ਲਈ ਅੱਜ ਤੋਂ ਹੀ ਅਸੰਭਵ ਸ਼ਬਦ ਨੂੰ ਸਦਾ-ਸਦਾ ਲਈ ਤਿਲਾਂਜਲੀ ਦੇ ਕੇ ਆਪਣੀਆਂ ਵਿੱਦਿਅਕ, ਨੈਤਿਕ ਅਤੇ ਸਾਹਿਤਕ ਰੁਚੀਆਂ ਪ੍ਰਤੀ ਕੇਂਦਰਤ ਹੋ ਜਾਵੋ ।ਸਮੁੱਚਾ ਦੇਸ਼ ਤੁਹਾਡੇ ਰੌਸ਼ਨ ਕਦਮਾਂ ਨੂੰ ਉਡੀਕ ਰਿਹਾ ਹੈ ।

# Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026




# ਬਾਹਰੀ ਕੁੜੀ

ਬਰਜਿੰਦਰ ਕੌਰ ਬਿਸਰਾਓ
9988901324

ਸੰਦੀਪ ਆਪਣੇ ਪਰਿਵਾਰ ਦਾ ਸਭ ਤੋਂ ਛੋਟਾ ਮੁੰਡਾ ਸੀ ਉਸ ਦਾ ਇੱਕ ਵੱਡਾ ਭਰਾ ਅਤੇ ਇੱਕ ਵੱਡੀ ਭੈਣ ਸੀ ਜੋ ਵਿਆਹੇ ਹੋਏ ਸਨ ਉਸ ਦੇ ਪਿਤਾ ਜੀ ਬਿਜਲੀ ਮਹਿਕਮੇ ਵਿੱਚੋਂ ਰਿਟਾਇਰ ਹੋ ਕੇ ਵਿਹਲੇ ਸਨ। ਉਸ ਦੀ ਵੱਡੀ ਭਰਜਾਈ ਸੁਭਾਅ ਪੱਖੋਂ ਬਹੁਤ ਨਰਮ ਸੀ ਇਸੇ ਲਈ ਤਾਂ ਉਸ ਦੀ ਆਪਣੀ ਸੱਸ ਨਾਲ ਬਹੁਤ ਬਣਦੀ ਸੀ ਘਰ ਦੇ ਸਾਰੇ ਕੰਮ ਦੋਵੇਂ ਆਪਸੀ ਸਲਾਹ ਮਸਵਰਾ ਕੀਤੇ ਬਿਨਾਂ ਨਹੀ ਕਰਦੀਆਂ ਸਨ ਸਾਰਾ ਪਰਿਵਾਰ ਬਹੁਤ ਖੁਸਹਾਲ ਪਰਿਵਾਰ ਸੀ। ਸੰਦੀਪ ਨੇ ਵੀ ਗ੍ਰੈਜੂਏਸਨ ਕਰਕੇ ਪੋਸਟ ਗ੍ਰੈਜੂਏਸਨ ਕਰਨ ਲਈ ਕਾਲਜ ਵਿੱਚ ਦਾਖਲਾ ਲੈ ਲਿਆ ਸੀ ਛੋਟਾ ਹੋਣ ਕਰਕੇ ਸਾਰਿਆਂ ਨੂੰ ਉਸ ਦੇ ਵਿਆਹ ਦੇ ਦਿਨ ਦੀ ਉਡੀਕ ਸੀ ਜਦ ਵੀ ਕੋਈ ਰਿਸਤੇ ਦੀ ਗੱਲ ਚੱਲਦੀ ਤਾਂ ਉਹ ਇੱਕੋ ਗੱਲ ਆਖਦਾ ਕਿ ਉਹ ਤਾਂ ਬਾਹਰਲੀ ਕੁੜੀ ਨਾਲ ਹੀ ਵਿਆਹ ਕਰਵਾਏਗਾ। ਇਸ ਗੱਲ ਦੀ ਤਾਂ ਉਸ ਨੇ ਜਿ?ਦ ਹੀ ਫੜ ਲਈ ਸੀ ਕਿ ਉਸ ਲਈ ਸਿਰਫ ਬਾਹਰਲੀ ਕੁੜੀ ਦਾ ਰਿਸਤਾ ਹੀ ਲੱਭਿਆ ਜਾਵੇ।

ਹੁਣ ਸੰਦੀਪ ਦੀ ਪੋਸਟ ਗ੍ਰੈਜੂਏਸਨ ਮੁਕੰਮਲ ਹੋ ਚੁੱਕੀ ਸੀ ਉਹ ਸਰਕਾਰੀ ਨੌਕਰੀ ਲਈ ਹੱਥ ਪੈਰ ਮਾਰਦਾ ਪਰ ਕਿਤੇ ਵੀ ਗੱਲ ਨਾ ਬਣਦੀ। ਪ੍ਰਾਈਵੇਟ ਨੌਕਰੀ ਕੋਈ ਢੰਗ ਦੀ ਨਹੀਂ ਮਿਲਦੀ ਸੀ। ਇੱਕ ਦਿਨ ਦੂਰ ਦੀ ਕਿਸੇ ਰਿਸਤੇਦਾਰੀ ਵਿੱਚ ਕੁੜੀ ਬਾਹਰੋਂ ਆਈ ਸੀ ਉਸ ਦਾ ਰਿਸਤਾ ਸੰਦੀਪ ਲਈ ਆਇਆ ਤਾਂ ਉਸ ਨੇ ਬਿਨਾਂ ਕੁਝ ਪੁੱਛੇ ਜਾਣੇ ਆਪਣੀ ਮਾਂ ਨੂੰ ਕਿਹਾ,"ਮੰਮੀ,ਜੇ ਇੱਥੇ ਗੱਲ ਬਣਦੀ ਹੈ ਤਾਂ ਮੇਰੇ ਵੱਲੋਂ ਹਾਂ ਹੀ ਸਮਝੋ।" ਉਸ ਦੀ ਮਾਂ ਨੇ ਵਿਚੋਲਣ ਨੂੰ ਬੁਲਾ ਕੇ ਗੱਲ ਬਾਤ ਸੁਰੂ ਕੀਤੀ ਕੁੜੀ ਤਾਂ ਬਹੁਤ ਸੋਹਣੀ ਸੀ ਪਰ ਸੰਦੀਪ ਨਾਲੋਂ ਉਮਰ ਵਿੱਚ ਵੱਡੀ ਲੱਗਦੀ ਸੀ ਦੇਖ ਦਿਖਾਈ ਤੋਂ ਬਾਅਦ ਸਗਨ ਵੀ ਹੋ ਗਿਆ ਦਸ ਦਿਨ ਦੇ ਅੰਦਰ-ਅੰਦਰ ਵਿਆਹ ਵੀ ਹੋ ਗਿਆ ਸਾਰੇ ਬਹੁਤ ਹੀ ਖੁਸ ਸਨ। ਬਾਹਰਲੀ ਕੁੜੀ ਨਾਲ ਵਿਆਹ ਹੁੰਦੇ ਸਾਰ ਸਾਰੇ ਬਾਹਰ ਜਾਣ ਦੇ ਸੁਪਨੇ ਵੇਖਣ ਲੱਗੇ। ਨਵੀਂ ਵਹੁਟੀ ਨੂੰ ਦੇਖ ਕੇ ਸਾਰੇ ਬਹੁਤ ਖੁਸ ਸਨ ਪਰ ਉਸ ਦਾ ਨਖਰਾ ਬਹੁਤ ਉੱਚਾ ਸੀ ਉਹ ਬਹੁਤਾ ਸਮਾਂ ਆਪਣੇ ਕਮਰੇ ਵਿੱਚ ਹੀ ਬੈਠੀ ਰਹਿੰਦੀ ਜਾਂ ਫਿਰ ਸਾਮ ਨੂੰ ਆਪਣੇ ਪਤੀ ਨਾਲ ਬਾਹਰ ਘੁੰਮਣ ਚਲੀ ਜਾਂਦੀ।

ਵਿਆਹ ਤੋਂ ਕੁਝ ਦਿਨ ਬਾਦ ਉਹ ਇੱਕ ਦਿਨ ਸੰਦੀਪ ਨਾਲ ਆਪਣੇ ਕਮਰੇ ਵਿੱਚ ਬੈਠੀ ਸੀ। ਉਸ ਦੀ ਸੱਸ ਨੇ ਰੋਟੀ ਫੜਾਉਣ ਲਈ ਦਰਵਾਜਾ ਖੜਕਾਇਆ ਤੇ ਰੋਟੀ ਦੀ ਥਾਲੀ ਲੈ ਕੇ ਅੰਦਰ ਆ ਗਈ। ਸੱਸ ਨੂੰ ਦੇਖਦੇ ਸਾਰ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਬੋਲੀ, "ਮੰਮੀ ਜੀ ਤੁਹਾਨੂੰ ਐਨੀ ਵੀ ਅਕਲ ਨਹੀਂ ਅਸੀਂ ਆਪਣੇ ਕਮਰੇ ਵਿਚ ਬੈਠੇ ਹਾਂ, ਤੁਸੀਂ ਮੂੰਹ ਚੁੱਕ ਕੇ ਸਾਡੇ ਕਮਰੇ ਵੱਲ ਆ ਗਏ ਹੋ, ਜੇ ਸਾਨੂੰ ਲੋੜ ਹੋਊਗੀ ਆਪੇ ਆ ਕੇ ਖਾ ਲਵਾਂਗੇ।" ਨਹੋਰਾ ਮਾਰਦੇ ਹੋਏ ਬੋਲੀ, "ਐਨੀ ਅਕਲ ਵੀ ਨਹੀਂ ਇੰਡੀਆ ਦੇ ਲੋਕਾਂ ਨੂੰ।"

"ਨੀ ਧੀਏ ਮੈਂ ਸੋਚਿਆ ਭੁੱਖ ਲੱਗੀ ਹੋਊਗੀ, ਮੈਂ ....ਤਾਂ ਲੈ ਆਈ ਰੋਟੀ, ਨਾਲੇ ਸੰਦੀਪ ਨੂੰ ਤਾਂ ਐਸ ਵੇਲੇ ਨੂੰ ਭੁੱਖ ਲੱਗ ਜਾਂਦੀ ਆ।" ਸੰਦੀਪ ਦੀ ਮਾਂ ਨੇ ਕਿਹਾ।

"ਮੈਂ ਸੰਦੀਪ ਦੀ ਪਤਨੀ ਹਾਂ ਮੇਰੇ ਨਾਲੋਂ ਜਿ?ਆਦਾ ਤੁਸੀਂ ਨਹੀਂ ਜਾਣਦੇ ਉਸਨੂੰ," ਸੰਦੀਪ ਦੀ ਪਤਨੀ ਜੈਸਮੀਨ ਚੀਖ ਕੇ ਗੁੱਸੇ ਨਾਲ ਬੋਲੀ।

ਕੋਲ ਬੈਠੇ ਸੰਦੀਪ ਨੇ ਆਪਣੀ ਪਤਨੀ ਨੂੰ ਠਰ੍ਹੰਮੇ ਨਾਲ ਕਿਹਾ,"ਜੈਸਮੀਨ, ਮੰਮੀ ਜੀ ਸਾਹਮਣੇ ਇਸ ਤਰ੍ਹਾਂ ਥੋੜ੍ਹੇ ਬੋਲੀਦਾ ਹੈ, ਉਹ ਵੱਡੇ ਹਨ, ਉਹ ਆਪਣੇ ਲਈ ਖਾਣਾ ਹੀ ਤਾਂ ਲੈ ਕੇ ਆਏ ਨੇ, ਇਹਦੇ ਵਿਚ ਏਨੀ ਨਾਰਾਜਗੀ ਵਾਲੀ ਕਿਹੜੀ ਗੱਲ ਹੈ ?"

"ਤੁਸੀਂ ਵੀ ਮੈਨੂੰ ਮਾੜਾ ਬਣਾਉਣ ਲੱਗੇ ਹੋ , ਸੰਦੀਪ ਮੈਨੂੰ ਇਹ ਬਦਤਮੀਜੀਆਂ ਬਿਲਕੁਲ ਪਸੰਦ ਨਹੀਂ। ਤੂੰ ਆਪਣੀ ਮਾਂ ਦਾ ਪੱਖ ਲੈ ਰਿਹਾ ਹੈਂ ?ਆਈ ਡੌਂਟ ਲਾਈਕ ਇਟ.......ਯੂ.....ਟਿਪੀਕਲ ਇੰਡੀਅਨ ਹਸਬੈਂਡ.....।" ਜੈਸਮੀਨ ਗੁੱਸੇ ਵਿੱਚ ਉੱਚੀ ਬੋਲੀ। ਉੱਧਰੋਂ ਸੰਦੀਪ ਦੇ ਭਾਬੀ ਤੇ ਭਰਾ ਜੈਸਮੀਨ ਦੀ ਉੱਚੀ ਆਵਾਜ ਸੁਣ ਕੇ ਭੱਜੇ ਆਏ ਤੇ ਕਾਰਨ ਪੁੱਛਣਾ ਚਾਹਿਆ।

ਸੰਦੀਪ ਤੇ ਉਸ ਦੀ ਮਾਂ ਗੱਲ ਤੇ ਪਰਦਾ ਪਾਉਣ ਲਈ ਇਕਦਮ ਇਕੱਠੇ ਬੋਲੇ," ਕੁਛ ਨਹੀਂ... ਕੁਛ ਨਹੀਂ।"

ਜੈਸਮੀਨ ਵਿੱਚੋਂ ਟੋਕ ਕੇ ਬੋਲੀ ,"ਕੀ ਕੁਝ.... ਨਹੀਂ ,ਕੁਝ ਨਹੀਂ.... ਇਹ ਕੋਈ ਜਿ?ਦਗੀ ਹੈ ...ਮੈਂ ਨਹੀਂ ਰਹਿ ਸਕਦੀ ਇਸ ਘਰ ਵਿੱਚ..... ਕੋਈ ਪ੍ਰਾਈਵੇਸੀ ਨਾਂ ਦੀ ਚੀਜ ਹੀ ਨਹੀਂ....... ਇਹਨਾਂ ਦੀ ਕਸਰ ਸੀ ਆਉਣ ਦੀ.... ਇਹ ਘਰ ਨਹੀਂ ਚਿੜੀਆਘਰ ਹੈ।"

ਸੰਦੀਪ ਤੋਂ ਸਾਰਿਆਂ ਦੀ ਬੇਇੱਜਤੀ ਸਹਾਰੀ ਨਾ ਗਈ ਕਿਉਂਕਿ ਇਸ ਤਰ੍ਹਾਂ ਦੀ ਘਟਨਾ ਉਹਨਾਂ ਦੇ ਘਰ ਵਿੱਚ ਪਹਿਲੀ ਵਾਰ ਵਾਪਰ ਰਹੀ ਸੀ ਉਹ ਆਪਣੇ ਆਪ ਨੂੰ ਪਤੀ ਦੇ ਹੱਕ ਨਾਲ ਉਸ ਨੂੰ ਚੁੱਪ ਕਰਾਉਣ ਲਈ ਇੱਕ ਦਮ ਉੱਚੀ ਬੋਲਿਆ,"ਜੈਸਮੀਨ..... ਚੁੱਪ ਕਰ ਜਾ।"

ਜੈਸਮੀਨ ਵਿਚੋਂ ਟੋਕ ਕੇ ਆਪਣੀ ਉਂਗਲ ਸੰਦੀਪ ਤੇ ਉਠਾ ਕੇ, ਇਕਦਮ ਬੋਲੀ ,"ਯੂ ਸੱਟ ਅੱਪ......... ਮੈਂ ਨਹੀਂ ਰਹਿ ਸਕਦੀ ਇਸ ਚਿੜੀਆਘਰ ਵਿੱਚ.... ਮੈਂ ਆਪਣੇ ਬਰਦਰ ਨੂੰ ਫੋਨ ਕਰਦੀ ਹਾਂ," ਜੈਸਮੀਨ ਫੋਨ ਚੁੱਕ ਕੇ ਨੰਬਰ ਮਿਲਾਉਣ ਲੱਗੀ ਤਾਂ ਸੰਦੀਪ ਨੇ ਉਸ ਤੋਂ ਫੋਨ ਨਾ ਕਰਨ ਤੋਂ ਰੋਕਣ ਲਈ ਫੋਨ ਖੋਹਣ ਲੱਗਿਆ ਤਾਂ ਉਸ ਨੇ ਹੋਰ ਵੱਡੀ ਗੱਲ ਬਣਾ ਦਿੱਤੀ," ਤੂੰ ਮੈਨੂੰ ਮਾਰ ਰਿਹਾਂ.... ?ਤੇਰੀ ਐਨੀ ਹਿੰਮਤ..... ਤੂੰ ਮੇਰੇ ਕੋਲੋਂ ਫੋਨ ਕਿਉਂ ਖੋਹਿਆ........?" ਜੈਸਮੀਨ ਦਾ ਗੁੱਸਾ ਸੱਤਵੇਂ ਅਸਮਾਨ ਤੇ ਸੀ। ਸੰਦੀਪ ਨੇ ਠੰਡਾ ਹੋ ਕੇ ਪਿਆਰ ਨਾਲ ਕਿਹਾ ," ਜੈਸਮੀਨ...ਗੁੱਸਾ ਠੰਡਾ ਕਰ।"

ਸੰਦੀਪ ਦੀ ਮਾਂ ਬੋਲੀ," ਧੀਏ ਘਰਾਂ ਵਿੱਚ ਤਾਂ ਵੱਡੀਆਂ ਵੱਡੀਆਂ ਗੱਲਾਂ ਹੋ ਜਾਂਦੀਆਂ, ਪੇਕਿਆਂ ਨੂੰ ਥੋੜ੍ਹਾ ਦੱਸੀਦੀ ਆ ਨਿੱਕੀ ਨਿੱਕੀ ਗੱਲ.... ਮੈਂ



ਤੈਨੂੰ ਸੌਰੀ ਕਹਿੰਦੀ ਆਂ।" ਕਹਿਕੇ ਉਹ ਉਸ ਨੂੰ ਲਾਡ ਨਾਲ ਜੱਫੀ ਵਿੱਚ ਲੈਣ ਲੱਗੀ ਤਾਂ ਉਸ ਨੇ ਮੰਮੀ ਦੀਆਂ ਬਾਹਾਂ ਗੁੱਸੇ ਨਾਲ ਪਰਾਂ ਪਟਕਾ ਮਾਰਿਆ।

ਸੰਦੀਪ ਦੇ ਭਰਾ- ਭਰਜਾਈ ਵੀ ਜੈਸਮੀਨ ਨੂੰ ਸਮਝਾਉਣ ਲਈ ਕੁਝ ਬੋਲਣ ਹੀ ਲੱਗੇ ਸੀ ਕਿ ਉਹ ਉਹਨਾਂ ਨੂੰ ਅੱਖਾਂ ਕੱਢ ਕੇ ਗੁੱਸੇ ਨਾਲ ਬੋਲੀ," ਹੂ ਆਰ ਯੂ ਟੂ ਇੰਟਰਫੇਅਰ.....(ਤੁਸੀਂ ਕੌਣ ਹੋ ਦਖਲ ਦੇਣ ਵਾਲੇ)" ...ਉਹ ਉਸੇ ਸਮੇਂ ਚੁੱਪ ਕਰ ਗਏ।

ਸੰਦੀਪ ਤੋਂ ਆਪਣਾ ਫੋਨ ਖੋਹ ਕੇ ਆਪਣੇ ਭਰਾਵਾਂ ਨੂੰ ਫੋਨ ਕਰ ਦਿੱਤਾ ਤੇ ਦੋ ਕੁ ਘੰਟੇ ਬਾਅਦ ਉਸ ਦੇ ਭਰਾ ਆ ਗਏ ਉਹ ਬਲੈਕ ਕਮਾਂਡੋ ਵਾਂਗ ਫੂੰ ਫੂੰ ਕਰਦੇ ਦਗੜ ਦਗੜ ਕਰਦੇ ਅੰਦਰ ਆ ਵੜੇ ਉਹ ਵੀ ਆਪਣੀ ਕੁੜੀ ਨੂੰ ਅਕਲ ਦੇਣ ਦੀ ਥਾਂ ਸੰਦੀਪ ਤੇ ਉਸ ਦੇ ਪਰਿਵਾਰ ਦੀ ਬੇਜਤੀ ਕਰਨ ਲੱਗੇ। ਜੋ ਅਬਾ ਤਬਾ ਬੋਲ ਸਕਦੇ ਸੀ ਉਹ ਬੋਲੇ। ਜੈਸਮੀਨ ਆਪਣਾ ਸਾਰਾ ਸਮਾਨ ਦੋ ਵੱਡੇ ਵੱਡੇ ਸੂਟ ਕੇਸਾਂ ਵਿੱਚ ਭਰ ਕੇ ਉਹਨਾਂ ਨਾਲ ਚਲੀ ਗਈ।

ਸੰਦੀਪ ਅਤੇ ਉਸ ਦੇ ਪਰਿਵਾਰ ਨੇ ਜੈਸਮੀਨ ਅਤੇ ਉਸ ਦੇ ਪਰਿਵਾਰ ਨੂੰ ਫੋਨ ਕਰ ਕਰ ਕੇ,ਬਚੋਲਿਆਂ ਨੂੰ ਭੇਜ ਕੇ , ਪੰਚਾਇਤ ਦੇ ਰਾਹੀਂ ਉਹਨਾਂ ਨੂੰ ਸਮਝਾਉਣ ਦੀ ਬਹੁਤ ਕੋਸਿ?ਸ ਕੀਤੀ ਪਰ ਕਿੱਥੇ....। ਆਖਿਰ ਉਹ ਵਾਪਸ ਵਿਦੇਸ ਵੀ ਚਲੀ ਗਈ। ਸੰਦੀਪ ਨੇ ਉਸ ਨੂੰ ਕਈ ਵਾਰ ਫੋਨ ਕੀਤਾ ਪਰ ਉਸ ਨੇ ਕਦੇ ਕੋਈ ਜਵਾਬ ਨਾ ਦਿੱਤਾ। ਸੰਦੀਪ ਦਾ ਇੱਕ ਦੋਸਤ ਜੋ ਉਸੇ ਦੇਸ ਵਿੱਚ ਰਹਿੰਦਾ ਸੀ ਉਸ ਨੂੰ ਸਮਝੌਤਾ ਕਰਵਾਉਣ ਲਈ ਜੈਸਮੀਨ ਕੋਲ ਜਾ ਕੇ ਗੱਲ ਕਰਨ ਲਈ ਕਿਹਾ ਤਾਂ ਸੰਦੀਪ ਦੇ ਪੈਰਾਂ ਹੇਠੋਂ ਜਮੀਨ ਨਿਕਲ ਗਈ ਜਦ ਉਸ ਨੇ ਦੱਸਿਆ ਕਿ ਉਹ ਤਾਂ ਪਹਿਲਾਂ ਹੀ ਤਿੰਨ ਸਾਲ ਤੋਂ ਉੱਥੇ ਕਿਸੇ ਹੋਰ ਮੁੰਡੇ ਨਾਲ ਰਹਿ ਰਹੀ ਸੀ ਉਹ ਮੁੰਡਾ ਉਸ ਦੇ ਨਾਲ ਹੀ ਨੌਕਰੀ ਕਰਦਾ ਹੈ।

ਉਸ ਦੇ ਪੇਕੇ ਪਰਿਵਾਰ ਵੱਲੋਂ ਸੰਦੀਪ ਅਤੇ ਉਸ ਦੇ ਸਾਰੇ ਪਰਿਵਾਰ ਉੱਪਰ ਦਾਜ ਲਈ ਤੰਗ ਕਰਨ ਅਤੇ ਕੁੜੀ ਨੂੰ ਕੁੱਟ ਮਾਰਕੇ ਘਰੋਂ ਕੱਢਣ,ਦਸ ਲੱਖ ਰੁਪਏ ਦਹੇਜ ਦੱਬਣ ਅਤੇ ਹੋਰ ਪਤਾ ਨਹੀਂ ਕੀ ਕੀ ਧਾਰਾਵਾਂ ਲਾ ਕੇ ਕੇਸ ਕਰ ਦਿੱਤਾ। ਸੰਦੀਪ,ਉਸ ਦੀ ਮਾਂ,ਭਰਾ , ਭਰਜਾਈ,ਭੈਣ , ਭਣੋਈਆ ਸਾਰਿਆਂ ਦੇ ਨਾਂ ਲਿਖਵਾ ਦਿੱਤੇ ਗਏ। ਸੰਦੀਪ ਦੇ ਪਰਿਵਾਰ ਵੱਲੋਂ ਸਮਝੌਤਾ ਕਰਨ ਲਈ ਬਹੁਤ ਮਿੰਨਤਾਂ ਤਰਲੇ ਕੀਤੇ ਗਏ ਪਰ ਸਰੀਫ ਪਰਿਵਾਰ ਜਾਂ ਮੁੰਡੇ ਵਾਲੇ ਹੋਣ ਕਰਕੇ ਉਹਨਾਂ ਦੀ ਕਿਤੇ ਸੁਣਵਾਈ ਨਹੀਂ ਹੋਈ ਦੋ ਸਾਲ ਕੇਸ ਚੱਲਣ ਤੋਂ ਬਾਅਦ ਕੋਰਟ ਨੇ ਸੰਦੀਪ ਨੂੰ ਕੁੜੀ ਵਾਲਿਆਂ ਨੂੰ ਦਹੇਜ ਦਾ ਦਸ ਲੱਖ ਰੁਪਏ ਦੇਣ ਅਤੇ ਸੰਦੀਪ ਅਤੇ ਉਸ ਦੇ ਮਾਂ-ਬਾਪ ਨੂੰ ਸੱਤ ਸਾਲ ਦੀ ਸਜਾ ਸੁਣਾ ਦਿੱਤੀ। ਸੰਦੀਪ ਕੋਰਟ ਵਿੱਚ ਖੜ੍ਹਾ ਖੜ੍ਹਾ ਆਪਣੇ ਪਰਿਵਾਰ ਦੇ ਸਾਰੇ ਜੀਆਂ ਦੇ ਪੈਰਾਂ ਵਿੱਚ ਡਿੱਗ ਕੇ ਧਾਹਾਂ ਮਾਰ ਮਾਰ ਕੇ ਉੱਚੀ ਉੱਚੀ ਰੋਣ ਲੱਗਿਆ ਤੇ ਕਹਿ ਰਿਹਾ ਸੀ," ਮੈਨੂੰ ਸਾਰੇ ਮਾਫ ਕਰ ਦਿਓ... ਤੁਹਾਨੂੰ ਮੇਰੀ ਨਿੱਕੀ ਜਿਹੀ ਜਿ?ਦ ਦੀ ਸਜਾ ਮਿਲ ਰਹੀ ਹੈ,ਉਸ ਦਾਜ ਦੀ ਸਜਾ ਜੋ ਨਾ ਲਿਆ ਹੈ ਤੇ ਨਾ ਕਦੇ ਮੰਗਿਆ ਹੈ। ਮੈਨੂੰ ਨਹੀਂ ਚਾਹੀਦੀ ਇਹੋ ਜਿਹੀ ਬਾਹਰਲੀ ਕੁੜੀ........।"

# ਕੁਦਰਤ ਨਾਲ ਖਿਲਵਾੜ

ਉਤਰਾਖੰਡ ਦੇ ਪ੍ਰਮੁੱਖ ਤੀਰਥ ਅਸਥਾਨ ਜੋਸੀਮੱਠ 'ਚ ਕਈ ਥਾਵਾਂ ਤੋਂ ਜਮੀਨ ਖਿਸਕਣ ਨਾਲ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਬੇਘਰ ਹੋਣਾ ਪਿਆ ਹੈ। ਜਿ?ਲ੍ਹਾ ਪ੍ਰਸਾਸਨ ਵੱਲੋਂ ਇਸ ਖੇਤਰ ਨੂੰ ਆਫਤ ਗ੍ਰਸਤ ਖੇਤਰ ਐਲਾਨਿਆ ਗਿਆ ਹੈ। ਹੈਰਾਨੀਜਨਕ ਤਸਵੀਰਾਂ ਦੱਸ ਰਹੀਆਂ ਹਨ ਕਿ ਇਸ ਖੇਤਰ ਵਿੱਚ ਥਾਂ ਥਾਂ ਤੇ ਜਮੀਨ ਵਿੱਚ ਦਰਾਰਾਂ ਪੈ ਗਈਆਂ ਹਨ। ਇਕ ਇਨਸਾਨ ਇੰਨੀ ਮਿਹਨਤ ਕਰਕੇ ਆਪਣਾ ਘਰ ਬਣਾਉਂਦਾ ਹੈ। ਆਪਣੀ ਛੱਤ ਹੁੰਦੀ ਹੈ ਕਿੰਨਾ ਉਸ ਨੂੰ ਫਕਰ ਹੁੰਦਾ ਹੈ ਕਿਨੇਂ ਅਰਮਾਨ ਹੁੰਦੇ ਹਨ ਕਿ ਮੇਰਾ ਘਰ ਬਣ ਗਿਆ। ਬੇਵੱਸ ਹੋ ਕੇ ਹੀ ਇਨਸਾਨ ਨੂੰ ਅਜਿਹੇ ਹਲਾਤਾਂ ਵਿੱਚ ਫਿਰ ਆਪਣੀ ਜਾਨ ਦੀ ਰਾਖੀ ਲਈ ਘਰ-ਬਾਰ ਛੱਡਣੇ ਪੈਂਦੇ ਹਨ। ਚਾਹੇ ਇਨ੍ਹਾਂ ਬੇਘਰੇ ਲੋਕਾਂ ਨੂੰ ਸੁਰੱਖਿਅਤ ਥਾਵਾਂ ਤੇ ਜਾਣ ਲਈ ਕਿਹਾ ਗਿਆ ਹੈ ,ਪਰ ਇਨ੍ਹਾਂ ਦਾ ਦਿਲ ਘਰ ਛੱਡਣ ਨੂੰ ਮਜਬੂਰ ਨਹੀਂ ਕਰ ਰਿਹਾ ਸੀ ਚੇਤੇ ਕਰਵਾ ਦੇਈਏ ਕਿ 2012 ਵਿਚ ਉਤਰਾਖੰਡ ਖੇਤਰ ਹੜ੍ਹਾਂ ਦੀ ਮਾਰ ਹੇਠ ਆਇਆ ਸੀ। ਬਹੁਤ ਨੁਕਸਾਨ ਹੋਇਆ ਸੀ। ਨਦੀਆਂ ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ ਹੈ। ਨਿਕਾਸੀ ਬਿਲਕੁੱਲ ਵੀ ਨਹੀਂ ਰਹੀ। ਗੱਡੀਆਂ ਦੀ ਗੱਡੀਆਂ ਹੜਾਂ ਵਿੱਚ ਰੁੜ ਗਈਆਂ ਸਨ। ਇਨਸਾਨ ਫਿ?ਰ ਵੀ ਨਹੀਂ ਸਭਲਿਆ ਮਨੁੱਖ ਦੀ ਦਖਲ-ਅੰਦਾਜੀ ਲਗਾਤਾਰ ਵੱਧਦੀ ਜਾ ਰਹੀ ਹੈ। ਪੈਸੇ ਦੀ ਹੋੜ ਲਗਾਤਾਰ ਵੱਧ ਰਹੀ ਹੈ। ਪਹਾੜੀ ਖੇਤਰਾਂ ਨੂੰ ਕੱਟ ਕੇ ਵੱਡੇ ਵੱਡੇ ਹੋਟਲ ਬਣਾਏ ਜਾ ਰਹੇ ਹਨ । ਆਬਾਦੀ ਵੱਧ ਗਈ ਹੈ ਨਿੱਜੀ ਸੁਆਰਥਾਂ ਖਾਤਰ ਪਹਾੜਾਂ ਅਤੇ ਦਰੱਖਤਾਂ ਦੀ ਕਟਾਈ ਤੇ ਲਗਾਤਾਰ ਉਸਾਰੇ ਜਾ ਰਹੇ ਵੱਡੇ ਹੋਟਲ, ਚੌੜੀਆਂ ਸੜਕਾਂ, ਰੇਲਵੇ ਲਾਈਨਾਂ ਦਾ ਵਿਸਥਾਰ ਜਮੀਨ ਧੱਸਣ ਦਾ ਮੁੱਖ ਕਾਰਨ ਹਨ। ਸੀਵਰੇਜ ਦਾ ਢੁਕਵਾਂ ਪ੍ਰਬੰਧ ਨਾ ਹੋਣ ਕਾਰਨ ਧਰਤੀ ਹੇਠਾਂ ਰਿੱਸਣ ਵਾਲੇ ਪਾਣੀ ਨੇ ਇਸ ਖੇਤਰ 'ਚ ਇਸ ਸਮੱਸਿਆ ਨੂੰ ਵਧਾਇਆ ਹੈ। ਦਿਨ-ਪ੍ਰਤਿਦਿਨ ਹਾਲਾਤ ਚਿੰਤਾ ਵਾਲੇ ਹੁੰਦੇ ਜਾ ਰਹੇ ਹਨ। ਜਮੀਨ ਖਿਸਕਣ ਨਾਲ ਪ੍ਰਭਾਵਿਤ ਲੋਕਾਂ ਨੂੰ ਬਜਾਰ ਦੀ ਕੀਮਤ ਦੇ ਹਿਸਾਬ ਨਾਲ ਮੁਆਵਜਾ ਦਿੱਤਾ ਜਾਵੇਗਾ। ਲੋਕਾਂ ਨੂੰ ਸੁਰੱਖਿਅਤ ਸਥਾਨਾਂ ਤੇ ਠਹਿਰਾਇਆ ਜਾ ਰਿਹਾ ਹੈ। ਕੁਝ ਹੀ ਦਿਨਾਂ ਪਹਿਲੇ ਹਿਮਾਚਲ ਪ੍ਰਦੇਸ ਦੇ ਮੈਕਲੋਡਗੰਜ ਵਿੱਚ ਵੀ ਕੁੱਝ ਹਿੱਸਾ ਖਿਸਕ ਗਿਆ ਸੀ। ਚੇਤੇ ਕਰਵਾ ਦੇਈਏ ਕਿ ਜਿੰਨੇ ਵੀ ਪੜਾਈ ਖੇਤਰ ਹਨ, ਵੱਡੇ ਪੈਮਾਨੇ ਤੇ ਨਜਾਇਜ ਉਸਾਰੀਆਂ ਹੋ ਰਹੀਆਂ ਹਨ ਮਾਈਨਿੰਗ ਵੱਧ ਗਈ ਹੈ। ਅਫਸਰਾਂ ਦੀ ਮਿਲੀਭੁਗਤ ਨਾਲ ਇਹ ਗੋਰਖ ਧੰਦੇ ਚੱਲ ਰਹੇ ਹਨ। ਭ੍ਰਿਸਟਾਚਾਰ ਦਾ ਬਹੁਤ ਜਿ?ਆਦਾ ਬੋਲ-ਬਾਲਾ ਹੈ। ਅਜੇ ਵੀ ਸੰਭਲਣ ਦਾ ਵੇਲਾ ਹੈ। ਗਰਮੀਆਂ ਵਿਚ ਸੈਲਾਨੀ ਪਹਾੜੀ ਖੇਤਰਾਂ ਵਿੱਚ ਸੈਰ ਸਪਾਟੇ ਲਈ ਜਾਂਦੇ ਹਨ। ਸਰਕਾਰ ਦੀ ਅਹਿਮ ਜਿ?ਮੇਵਾਰੀ ਬਣਦੀ ਹੈ ਕਿ ਕੁਦਰਤੀ ਸੋਮਿਆਂ ਵੱਲ ਵਿਸੇਸ ਧਿਆਨ ਦੇਣ ਦੀ ਲੋੜ ਹੈ। ਤਾਂ ਜੋ ਕੁਦਰਤ ਨੂੰ ਢਹਿ ਢੇਰੀ ਹੋਣ ਤੋਂ ਬਚਾਇਆ ਜਾ ਸਕੇ। ਕੁਦਰਤ ਹੀ ਰੱਬ ਹੈ।

**ਸੰਜੀਵ ਸਿੰਘ ਸੈਣੀ,**
**ਮੋਹਾਲੀ 7888966168**

# ਬੇਟੀ ਦਾ ਜਨਮ

ਜਨਵਰੀ ਦੇ ਮਹੀਨੇ ਉਸ ਦਿਨ (18 ਜਨਵਰੀ) ਬੜੀ ਠੰਢੀ ਹਵਾ ਚੱਲ ਰਹੀ ਸੀ। ਸਵੇਰ ਵੇਲੇ ਕਰੀਬ ਚਾਰ ਕੁ ਵਜੇ ਮੈਂ ਆਪਣੀ ਪਤਨੀ ਨੂੰ ਸਕੂਟਰ ਤੇ ਬਿਠਾ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ (ਮੈਂ ਉਦੋਂ ਪਤਨੀ ਦੇ ਨਾਲ ਯੂਨੀਵਰਸਿਟੀ 'ਚ ਰਹਿ ਰਿਹਾ ਸਾਂ) ਦੇ ਨੇੜੇ ਕਸਬਾ ਬਹਾਦਰਗੜ੍ਹ ਵਿੱਚ ਸਥਾਪਤ ਗੁਰੂ ਤੇਗ ਬਹਾਦਰ ਦੀ ਯਾਦ ਵਿੱਚ ਬਣੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਲੈ ਗਿਆ।



ਤ੍ਰੇਲ ਇਉਂ ਡਿੱਗ ਰਹੀ ਸੀ, ਜਿਵੇਂ ਬੂੰਦਾਬਾਂਦੀ ਹੋ ਰਹੀ ਹੋਵੇ ! ਭਾਵੇਂ ਮੈਂ ਵਿੰਡ-ਚੀਟਰ ਪਹਿਨੀ ਹੋਈ ਸੀ, ਪਰ ਮੂੰਹ ਅਤੇ ਦਾੜ੍ਹੀ-ਮੁੱਛਾਂ ਪੂਰੀ ਤਰ੍ਹਾਂ ਭਿੱਜ ਗਈਆਂ ਸਨ। ਮਾਤਾ ਕੌਸ਼ੱਲਿਆ ਹਸਪਤਾਲ ਦੀ ਸੀਨੀਅਰ ਲੇਡੀ ਡਾਕਟਰ, ਡਾ. ਅਮਰਜੀਤ ਕੌਰ ਨੇ ਹਫਤਾ ਕੁ ਪਹਿਲਾਂ ਪਤਨੀ ਨੂੰ ਚੈੱਕ ਕੀਤਾ ਸੀ ਤੇ ਡਿਲੀਵਰੀ ਦਾ ਦਿਨ/ਸਮਾਂ ਦੱਸ ਕੇ ਸਾਨੂੰ ਜਰੂਰੀ ਹਦਾਇਤਾਂ ਦਿੱਤੀਆਂ ਸਨ। ਬਹਾਦਰਗੜ੍ਹ ਗੁਰਦੁਆਰਾ ਵਿਖੇ ਨਤਮਸਤਕ ਹੋਣ ਪਿੱਛੋਂ ਅਸੀਂ ਸਿੱਧੇ ਹੀ ਹਸਪਤਾਲ ਪਹੁੰਚ ਗਏ ਸਾਂ, ਸਵੇਰੇ ਛੇ ਵਜੇ। ਹਸਪਤਾਲ ਵਿੱਚ ਪ੍ਰਾਈਵੇਟ ਰੂਮ ਲਿਆ ਅਤੇ ਪਤਨੀ ਨੂੰ ਦਾਖਲ ਕਰਵਾ ਦਿੱਤਾ। ਅਸੀਂ ਘਬਰਾਏ ਹੋਏ ਤਾਂ ਨਹੀਂ ਸਾਂ, ਪਰ ਫਿਰ ਵੀ ਇਕ ਤਰ੍ਹਾਂ ਦਾ 'ਡਰ' ਜਿਹਾ ਸੀ। ਪਤਾ ਨਹੀਂ ਕਿਵੇਂ ਹੋਵੇਗਾ ਸਭ ਕੁਝ। ਮਨੋਂ-ਮਨੀਂ ਅਰਦਾਸ ਵੀ ਕਰ ਰਹੇ ਸਾਂ- ਬੱਚੇ ਦੀ ਖ਼ੁਸ਼ਆਮਦ ਬਾਰੇ। ਸਾਡੇ ਦੋਹਾਂ ਦੇ ਮਨਾਂ ਵਿੱਚ ਕਿਧਰੇ ਵੀ ਅਜਿਹੀ ਗੱਲ ਨਹੀਂ ਸੀ ਕਿ ਬੇਟਾ ਹੋਵੇਗਾ ਜਾਂ ਬੇਟੀ। ਹਾਂ, ਪਰ ਇਹ ਜ਼ਰੂਰ ਖ਼ਾਹਿਸ਼ ਸੀ ਕਿ ਸਭ ਕੁਝ ਸੁੱਖਸਾਂਦ ਨਾਲ ਨਿੱਬੜ ਜਾਵੇ, ਕੋਈ ਸਮੱਸਿਆ ਨਾ ਆਵੇ...। ਸ਼ਾਮੀਂ ਪੰਜ ਕੁ ਵਜੇ ਨਾਲ ਪਤਨੀ ਨੂੰ ਡਿਲੀਵਰੀ ਰੂਮ 'ਚ ਲਿਜਾਇਆ ਗਿਆ। ਮੈਂ ਇਕੱਲਾ ਬਾਹਰ ਸਾਂ। ਜਿਵੇਂ-ਜਿਵੇਂ ਸਮਾਂ ਬੀਤਦਾ ਜਾ ਰਿਹਾ ਸੀ, ਮੈਂ ਲਗਾਤਾਰ ਚੌਪਈ ਸਾਹਿਬ ਦੇ ਪਾਠ ਸ਼ੁਰੂ ਕਰ ਦਿੱਤੇ ਸਨ- 'ਹਮਰੀ ਕਰਉ ਹਾਥ ਦੈ ਰੱਛਾ...'। ਓਧਰ ਅੰਦਰ ਪਤਨੀ ਨੇ 'ਰਹਿਰਾਸ ਸਾਹਿਬ' ਪਾਠ ਸ਼ੁਰੂ ਕਰ ਲਿਆ ਸੀ। (ਇਹ ਗੱਲ ਪਤਨੀ ਨੇ ਮੈਨੂੰ ਡਿਲੀਵਰੀ ਹੋਣ ਤੋਂ ਬਾਅਦ ਦੱਸੀ ਸੀ)। ਲੇਡੀ ਡਾਕਟਰ, ਡਾ. ਅਮਰਜੀਤ ਕੌਰ, ਜਿਸ ਨੇ ਡਿਲੀਵਰੀ ਦੇ ਕਾਰਜ ਨੂੰ ਵੇਖਣਾ ਸੀ, ਨੂੰ ਹਸਪਤਾਲ ਵੱਲੋਂ ਤੁਰੰਤ ਫੋਨ ਕਰਕੇ ਘਰੋਂ ਸੱਦਿਆ ਗਿਆ। ਕਿਉਂਕਿ ਉਸ ਦੇ ਮੁਤਾਬਕ ਤਾਂ ਡਿਲੀਵਰੀ ਦਾ ਸਮਾਂ ਕਰੀਬ ਅੱਧੀ ਰਾਤ ਵੇਲੇ ਦਾ ਸੀ। ਸ਼ਾਮੀਂ ਪੰਜ ਵੱਜ ਕੇ ਸਤਵੰਜਾ ਮਿੰਟ ਤੇ ਨੰਨ੍ਹੀ ਪਰੀ ਨੇ ਇਸ ਧਰਤੀ ਤੇ ਦਸਤਕ ਦਿੱਤੀ ਤੇ ਲੇਡੀ ਡਾਕਟਰ ਨੇ ਜਦੋਂ ਬਾਹਰ ਆ ਕੇ ਮੈਨੂੰ ਸੂਚਨਾ ਦਿੱਤੀ ਕਿ ਬੇਟੀ ਤੇ ਮਾਂ ਠੀਕ-ਠਾਕ ਹਨ, ਤਾਂ ਮੈਂ ਪਰਮਾਤਮਾ ਦਾ ਹੱਥ ਜੋੜ ਕੇ ਧੰਨਵਾਦ ਕੀਤਾ। ਮੈਂ ਆਪਣੇ ਮਾਤਾ ਪਿਤਾ, ਜੋ ਕੋਟਕਪੂਰਾ ਵਿਖੇ ਸਨ; ਅਤੇ ਪਤਨੀ ਦੇ ਪਰਿਵਾਰ, ਜੋ ਨੇੜੇ ਹੀ ਪਿੰਡ ਪਿੰਡ ਪੰਜੋਲਾ ਵਿਖੇ ਸਨ, ਨੂੰ ਫੋਨ ਰਾਹੀਂ ਰਾਤੀਂ ਸੱਤ ਕੁ ਵਜੇ ਸੂਚਿਤ ਕੀਤਾ। (ਉਦੋਂ ਮੇਰੇ ਕੋਲ ਸਿਰਫ਼ ਲੈਂਡਲਾਈਨ ਫੋਨ ਸੀ)। ਅਗਲੇ ਦਿਨ ਪਤਨੀ ਦੇ ਮਾਤਾ ਜੀ ਤੇ ਭਰਾ ਸਵੇਰੇ ਹੀ ਹਸਪਤਾਲ ਪਹੁੰਚ ਗਏ; ਕੋਟਕਪੂਰੇ ਤੋਂ ਮੇਰੇ ਮਾਤਾ-ਪਿਤਾ ਤੇ ਵੱਡੇ ਭੈਣ ਜੀ ਵੀ ਦਸ ਕੁ ਵਜੇ ਤਕ ਬੱਸ ਰਾਹੀਂ ਆ ਗਏ ਸਨ। ਮੈਂ ਜਾਣਦਾ ਸਾਂ ਕਿ ਬੇਟੀ ਦੇ ਜਨਮ ਤੇ ਕਿਸੇ ਨੇ ਮੈਨੂੰ 'ਮੁਬਾਰਕ' ਨਹੀਂ ਆਖਣੀ, ਇਸ ਲਈ ਮੈਂ ਪਹਿਲਾਂ ਹੀ ਨਾਰੀਅਲ ਦੇ ਲੱਡੂਆਂ ਦਾ ਇਕ ਡੱਬਾ ਲੈ ਆਇਆ ਸਾਂ। ਜੋ ਵੀ ਮੈਨੂੰ ਮਿਲਦਾ, ਮੈਂ ਸਭ ਤੋਂ ਪਹਿਲਾਂ ਉਸ ਦਾ ਮੂੰਹ ਮਿੱਠਾ ਕਰਵਾਉਂਦਾ, ਤਾਂ ਕਿ ਉਹਨੂੰ ਆਪਣਾ ਚਿਹਰਾ ਉਦਾਸ/ਗਮਗੀਨ ਬਨਾਉਣ ਦੀ ਲੋੜ ਨਾ ਪਵੇ। ਮੈਨੂੰ ਖ਼ੁਸ਼ ਵੇਖ ਕੇ ਅਗਲੇ ਨੂੰ 'ਵਧਾਈ' ਦੇਣੀ ਪੈ ਹੀ ਜਾਂਦੀ।

ਮੇਰੀ ਇਕਲੌਤੀ ਬੇਟੀ ਮੇਰੇ ਜੀਵਨ ਦੀ ਆਨ, ਬਾਨ ਤੇ ਸ਼ਾਨ ਹੈ। ਉਹਦੀ ਆਮਦ ਤੋਂ ਬਾਅਦ ਅਸੀਂ ਜੀਵਨ ਦੇ ਹਰ ਖੇਤਰ ਵਿਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ। ਬੇਟੀ ਦੇ ਬਚਪਨ ਵਿਚ ਅਤੇ ਹੁਣ ਤਕ ਮੈਂ ਜਿੰਨੀਆਂ ਵੀ ਕਵਿਤਾਵਾਂ ਦੀ ਰਚਨਾ ਕੀਤੀ, ਉਸਦੀ ਪ੍ਰੇਰਨਾ-ਸਰੋਤ ਮੇਰੀ ਬੇਟੀ ਹੀ ਰਹੀ ਹੈ। ਮੇਰੀ ਹਰ ਕਵਿਤਾ ਵਿਚ, ਚਾਹੇ ਉਹ ਬਾਲ-ਕਵਿਤਾ ਹੈ ਜਾਂ ਕੋਈ ਹੋਰ, ਮੇਰੀ ਬੇਟੀ ਦਾ ਨਾਂ ਜਰੂਰ ਲਿਖਿਆ ਹੁੰਦਾ ਹੈ। ਹੋਰ ਤਾਂ ਹੋਰ, ਮੈਂ ਆਪਣੀ ਪਹਿਲੀ ਆਲੋਚਨਾਤਮਕ ਪੁਸਤਕ, ਜੋ 2009 ਵਿੱਚ ਪ੍ਰਕਾਸ਼ਿਤ ਹੋਈ ਸੀ, ਨੂੰ ਬੇਟੀ ਦੇ ਹੱਥੋਂ ਹੀ ਰਿਲੀਜ਼ ਕਰਵਾਇਆ ਸੀ। ਮੇਰਾ ਮੰਨਣਾ ਹੈ ਕਿ ਜੇ ਮਾਪੇ ਧੀ ਦੇ ਜਨਮ ਨੂੰ 'ਖ਼ੁਸ਼ਖ਼ਬਰ' ਵਜੋਂ ਲੈਣਗੇ, ਤਾਂ ਤੁਹਾਡੇ ਦੋਸਤ-ਮਿੱਤਰ ਤੇ ਰਿਸ਼ਤੇਦਾਰ ਜ਼ਰੂਰ ਤੁਹਾਨੂੰ ਵਧਾਈ ਦੇਣਗੇ। ਜੇ ਮਾਪੇ ਖ਼ੁਦ ਹੀ ਧੀ ਨੂੰ ਬੋਝ ਸਮਝਣ ਲੱਗ ਪੈਣ, ਤਾਂ ਦੂਜੇ ਤੋਂ ਕੀ ਆਸ ਕੀਤੀ ਜਾ ਸਕਦੀ ਹੈ ! ਇਹ ਨਹੀਂ, ਕਿ ਜੇ ਮੁੰਡੇ ਦਾ ਜਨਮ ਹੋਇਆ, ਤਾਂ ਢੋਲ, ਡੀਜੇ ਵਜਾਈਏ, ਖੁਸਰੇ ਨਚਾਈਏ ਅਤੇ ਜੇ ਧੀ ਪੈਦਾ ਹੋ ਗਈ ਤਾਂ ਉਸਨੂੰ 'ਪੱਥਰ' ਸਮਝ ਕੇ ਨਿਰਾਦਰ ਕਰੀਏ !

**ਪ੍ਰੋ. ਨਵ ਸੰਗੀਤ ਸਿੰਘ**
**ਪੋਸਟਗ੍ਰੈਜੂਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ-151302 (ਬਠਿੰਡਾ)**
**9417692015.**

# ਪੰਜਾਬ ਵਿੱਚ ਚਿੱਟੇ ਨਾਲ ਹੋ ਰਹੀਆਂ ਮੌਤਾ ਦਾ ਜ਼ਿੰਮੇਵਾਰ ਕੌਣ ਸਰਕਾਰ, ਪ੍ਰਸ਼ਾਸਨ ਜਾਂ ਨਸ਼ੇੜੀ ?





ਅਕਸਰ ਅਸੀਂ ਹਰ ਰੋਜ਼ ਹੀ ਦੇਖਦੇ ਹਾਂ ਕਿ ਨਸ਼ਿਆਂ ਕਾਰਨ ਬਹੁਤ ਸਾਰੇ ਨੌਜਵਾਨ ਜਾਨਾਂ ਗਵਾ ਰਹੇ ਹਨ ਪਰ ਇਹਨਾਂ ਮੌਤਾ ਦੇ ਪਿੱਛੇ ਜ਼ਿੰਮੇਵਾਰ ਕੌਣ ਹੈ ?ਸਭ ਤੋਂ ਪਹਿਲਾਂ ਤਾਂ ਵੱਡੀ ਜ਼ਿੰਮੇਵਾਰੀ ਉਸ ਇਨਸਾਨ ਦੀ ਬਣਦੀ ਹੈ ਜ਼ੋ ਨਸ਼ਾ ਕਰ ਰਿਹਾ ਹੈ ਉਸ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਹ ਪਲ ਭਰ ਦਾ ਮਜ਼ਾ ਹੈ ਅਤੇ ਜੀਵਨ ਭਰ ਦੀ ਸਜ਼ਾ ਹੈ। ਚਿੱਟੇ ਦਾ ਨਸ਼ਾ ਕਰਨ ਵਾਲੇ ਨੌਜਵਾਨ ਬਹੁਤ ਲੰਮੀ ਜ਼ਿੰਦਗੀ ਨਹੀਂ ਜੀ ਪਾਉਂਦੇ।ਪਰ ਜਿਹੜਾ ਵਿਅਕਤੀ ਚਿੱਟੇ ਦਾ ਨਸ਼ਾ ਕਰ ਰਿਹਾ ਹੁੰਦਾ ਹੈ ਉਸ ਵਿਅਕਤੀ ਨੂੰ ਪਲ ਭਰ ਲਈ ਆਪਣੀ ਰੰਗੀਨ ਜ਼ਿੰਦਗੀ ਚਿੱਟੇ ਦੇ ਨਸ਼ੇ ਵਿੱਚ ਹੀ ਦਿਸਦੀ ਹੈ।

ਪਰਿਵਾਰ, ਰਿਸ਼ਤੇਦਾਰ, ਦੋਸਤਾਂ ਮਿੱਤਰਾਂ ਅਤੇ ਸਕੇ ਸਬੰਧੀਆਂ ਦੇ ਬਹੁਤ ਜ਼ਿਆਦਾ ਸਮਝਾਉਣ ਦੇ ਬਾਵਜੂਦ ਵੀ ਆਪਣੀ ਜ਼ਿੰਦਗੀ ਦੀ ਪ੍ਰਵਾਹ ਨਾ ਕਰਦੇ ਹੋਏ ਚਿੱਟੇ ਦੇ ਨਸ਼ੇੜੀ ਇਸ ਦਲ ਦਲ ਵਿੱਚ ਇੰਨਾ ਜ਼ਿਆਦਾ ਧਸ ਜਾਂਦੇ ਹਨ ਕਿ ਉਹ ਚਾਹ ਕੇ ਵੀ ਇਸ ਨਸ਼ੇ ਨੂੰ ਨਹੀਂ ਛੱਡ ਪਾਉਂਦੇ ਅਤੇ ਇਸ ਦਾ ਅੰਤ ਜਵਾਨੀ ਵਿੱਚ ਮੌਤ ਹੀ ਹੁੰਦੀ ਹੈ ਅਤੇ ਪਿੱਛੇ ਸਾਰੇ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੋ ਜਾਂਦਾ ਹੈ ਅਤੇ ਪਰਿਵਾਰ ਜੀਂਦੇ ਜੀਅ ਹੀ ਮਰਿਆ ਵਰਗਾ ਹੋ ਜਾਂਦਾ ਹੈ। ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਇਸ ਗੱਲ ਦੀ ਬਿਲਕੁੱਲ ਵੀ ਫ਼ਿਕਰ ਨਹੀਂ ਕਿ ਸਾਡੇ ਪੰਜਾਬ ਦੇ ਨੌਜਵਾਨ ਚਿੱਟੇ ਨਾਲ ਜ਼ਵਾਨੀ ਵਿੱਚ ਹੀ ਮਰਦੇ ਜਾ ਰਹੇ ਹਨ ਕਿਉਂਕਿ ਜੇਕਰ ਸਰਕਾਰਾਂ ਨੂੰ ਫ਼ ?ਕਰ ਹੋਵੇ ਤਾਂ ਸਰਕਾਰਾਂ ਨਸ਼ੇ ਖਿਲਾਫ ਬਹੁਤ ਜ਼ਿਆਦਾ ਸਖ਼ਤੀ ਕਰਨ। ਜਿਹੜੇ ਜ਼ਿਲ੍ਹੇ ਵਿੱਚ ਚਿੱਟਾ ਜਾ ਕੋਈ ਹੋਰ ਨਸ਼ਾ ਵਿਕਦਾ ਹੈ ਤਾਂ ਉਸ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ ਦੀ ਜ਼ਿੰਮੇਵਾਰੀ ਫਿਕਸ ਹੋਣੀ ਚਾਹੀਦੀ ਹੈ। ਜੇਕਰ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਸਖ਼ਤੀ ਕਰ ਦੇਵੇ ਤਾਂ ਬਹੁਤ ਜਲਦੀ ਨਸ਼ੇ ਦੀ ਵਿਕਰੀ ਤੇ ਕ ?ਬੂ ਪਾਇਆ ਜਾ ਸਕਦਾ ਹੈ। ਜਿਹੜੇ ਥਾਣੇ ਦੇ ਅਧੀਨ ਕਿਸੇ ਪਿੰਡ ਜਾ ਸ਼ਹਿਰ ਵਿੱਚ ਨਸ਼ਾ ਫੜਿਆ ਜਾਂਦਾ ਹੈ ਤਾਂ ਉਸ ਥਾਣੇ ਦੇ ਐਸ.ਐਚ.ਓ ਤੇ ਤੁਰੰਤ ਕਾਰਵਾਈ ਹੋਣੀ ਚਾਹੀਦੀ ਹੈ। ਜਦੋਂ ਹਰੇਕ ਥਾਣਾ ਮੁਖੀ ਨੂੰ ਆਪਣੇ ਇਲਾਕੇ ਦੀ ਫ਼ਿਕਰ ਹੋਵੇਗੀ ਅਤੇ ਇਹ ਡਰ ਹੋਵੇਗਾ ਕਿ ਜ਼ੇਕਰ ਮੇਰੇ ਇਲਾਕੇ ਵਿੱਚ ਨਸ਼ਾ ਵਿਕਦਾ ਫੜਿਆ ਗਿਆ ਤਾਂ ਮੇਰੇ ਤੇ ਕਾਰਵਾਈ ਹੋ ਜਾਵੇਗੀ ਤਾਂ ਫਿਰ ਉਹ ਐਸ.ਐਚ.ਓ ਆਪਣੇ ਆਪ ਪੂਰੇ ਇਲਾਕੇ ਵਿੱਚ ਨਸ਼ੇ ਖਿਲਾਫ ਸਖ਼ਤੀ ਕਰੇਗਾ। ਵੈਸੇ ਵੀ ਹਰੇਕ ਐਸ.ਐਚ.ਓ ਕੋਲ ਸਾਰੇ ਇਲਾਕੇ ਦੀ ਡਿਟੇਲ ਹੁੰਦੀ ਹੀ ਹੈ ਕਿ ਕਿੱਥੇ ਨਸ਼ਾ ਵਿਕ ਰਿਹਾ ਹੈ ਅਤੇ ਕੌਣ ਵੇਚ ਰਿਹਾ ਹੈ। ਹਰੇਕ ਹਲਕੇ ਦੇ ਮੰਤਰੀ ਅਤੇ ਐਮ.ਐਲ.ਏ ਦੀ ਜ਼ਿੰਮੇਵਾਰੀ ਵਾਰੀ ਫਿਕਸ ਹੋਣੀ ਚਾਹੀਦੀ ਹੈ ਕਿ ਜੇਕਰ ਤੁਹਾਡੇ ਇਲਾਕੇ ਵਿੱਚ ਕੋਈ ਨਸ਼ੇ (ਚਿੱਟੇ) ਨਾਲ ਮਰ ਗਿਆ ਜਾਂ ਕੋਈ ਨਸ਼ਾ ਵੇਚਦਾ ਫੜਿਆ ਗਿਆ ਤਾਂ ਤੁਹਾਡੇ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਤਾਂ ਫਿਰ ਤੁਸੀਂ ਸੋਚੋ ਕਿ ਨਸ਼ਾ ਕਿਵੇਂ ਨਹੀਂ ਰੁਕ ਸਕਦਾ।ਸਭ ਤੋਂ ਪਹਿਲਾਂ ਐਮ.ਐਲ.ਏ, ਮੰਤਰੀਆਂ ਅਤੇ ਜ਼ਿਲੇ ਦੇ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਕਪਤਾਨਾਂ ਨੂੰ ਨਸ਼ੇ ਨੂੰ ਰੋਕਣ ਲਈ ਦਿਲ ਤੋਂ ਸਾਥ ਦੇਣਾ ਪਵੇਗਾ।ਜਿਸ ਜ਼ਿਲੇ, ਹਲਕੇ ਵਿੱਚ ਨਸ਼ੇ ਨਾਲ ਕੋਈ ਮੌਤ ਹੁੰਦੀ ਹੈ ਕੋਈ ਨਸ਼ਾ ਵੇਚਦਾ ਫੜਿਆ ਜਾਂਦਾ ਹੈ ਤਾਂ ਸੰਬੰਧਤ ਐਮ.ਐਲ.ਏ, ਮੰਤਰੀ, ਡਿਪਟੀ ਕਮਿਸ਼ਨਰ, ਸੀਨੀਅਰ ਪੁਲਿਸ ਕਪਤਾਨ ਅਤੇ ਥਾਣਾ ਮੁਖੀ ਦੇ ਖਿਲਾਫ ਕਾਰਵਾਈ ਹੋਣੀ ਸ਼ੁਰੂ ਹੋ ਜਾਵੇ ਤਾਂ ਨਸ਼ਾ ਬਹੁਤ ਜ਼ਲਦੀ ਬੰਦ ਕੀਤਾ ਜਾ ਸਕਦਾ ਹੈ।

**ਸੰਦੀਪ ਕੰਬੋਜ**
**ਸੰਪਰਕ ਨੰਬਰ -98594-00002**

# ਜ਼ਿੰਦਗੀ ਦੇ ਸਫ਼ਰ ਵਿੱਚ ਸੰਤੁਸ਼ਟੀ ਹੀ ਸਭ ਤੋਂ ਵੱਡੀ ਕਾਮਯਾਬੀ ਹੈ



ਇਨਸਾਨ ਆਪਣੀ ਜ਼ਿੰਦਗੀ ਵਿੱਚ ਬੇਅੰਤ ਮੰਜ਼ਿਲਾਂ ਤੈਅ ਕਰਨ ਦੀ ਖ਼ਾਹਿਸ਼ ਰੱਖਦਾ ਹੈ। ਉਹ ਚਾਹੁੰਦਾ ਹੈ ਕਿ ਉਸਦੇ ਕੋਲ ਦੌਲਤ ਹੋਵੇ, ਨਾਮ ਹੋਵੇ, ਸ਼ੋਹਰਤ ਹੋਵੇ ਅਤੇ ਹਰ ਕੋਈ ਉਸਦੀ ਕਾਮਯਾਬੀ ਦੀ ਮਿਸਾਲ ਦੇਵੇ। ਪਰ ਜੇਕਰ ਅਸੀਂ ਡੂੰਘਾਈ ਨਾਲ ਸੋਚੀਏ ਤਾਂ ਪਤਾ ਲੱਗਦਾ ਹੈ ਕਿ ਅਸਲ ਕਾਮਯਾਬੀ ਇਹਨਾਂ ਚੀਜ਼ਾਂ ਵਿੱਚ ਨਹੀਂ, ਸਗੋਂ ਮਨ ਦੀ ਸੰਤੁਸ਼ਟੀ ਵਿੱਚ ਵੱਸਦੀ ਹੈ। ਜਿਸ ਮਨੁੱਖ ਦੇ ਅੰਦਰ ਸੰਤੁਸ਼ਟੀ ਹੈ, ਉਹੀ ਸੱਚੇ ਅਰਥਾਂ ਵਿੱਚ ਕਾਮਯਾਬ ਹੈ।

ਅਸੀਂ ਅਕਸਰ ਆਪਣੀ ਖੁਸ਼ੀ ਨੂੰ ਭਵਿੱਖ ਨਾਲ ਜੋੜ ਲੈਂਦੇ ਹਾਂ। ਸਾਨੂੰ ਲੱਗਦਾ ਹੈ ਕਿ ਜਦੋਂ ਸਾਨੂੰ ਵੱਡੀ ਨੌਕਰੀ ਮਿਲੇਗੀ, ਵੱਡਾ ਘਰ ਬਣੇਗਾ ਜਾਂ ਵੱਡੀ ਪਹਿਚਾਣ ਬਣੇਗੀ, ਤਦੋਂ ਅਸੀਂ ਖੁਸ਼ ਹੋਵਾਂਗੇ। ਪਰ ਇਹ ਸੋਚ ਕਦੇ ਖ਼ਤਮ ਨਹੀਂ ਹੁੰਦੀ। ਇੱਕ ਇੱਛਾ ਪੂਰੀ ਹੁੰਦੀ ਹੈ ਤਾਂ ਦੂਜੀ ਸਾਹਮਣੇ ਖੜੀ ਹੋ ਜਾਂਦੀ ਹੈ। ਇਸ ਦੌੜ ਵਿੱਚ ਅਸੀਂ ਆਪਣੇ ਅੱਜ ਦੀ ਖੂਬਸੂਰਤੀ ਗੁਆ ਬੈਠਦੇ ਹਾਂ। ਸੰਤੁਸ਼ਟੀ ਸਾਨੂੰ ਸਿਖਾਉਂਦੀ ਹੈ ਕਿ ਜੋ ਕੁਝ ਸਾਡੇ ਕੋਲ ਹੈ, ਉਸਦੀ ਕਦਰ ਕਰੀਏ ਅਤੇ ਉਸ ਵਿੱਚ ਹੀ ਖੁਸ਼ੀ ਲੱਭੀਏ। ਸਮਾਂ ਬਹੁਤ ਕੀਮਤੀ ਹੈ। ਇਹ ਕਦੇ ਰੁਕਦਾ ਨਹੀਂ ਅਤੇ ਨਾ ਹੀ ਵਾਪਸ ਆਉਂਦਾ ਹੈ। ਜੇ ਅਸੀਂ ਹਰ ਦਿਨ ਨੂੰ ਸ਼ਿਕਾਇਤਾਂ ਵਿੱਚ ਗੁਜ਼ਾਰਾਂਗੇ ਤਾਂ ਪਛਤਾਵੇ ਤੋਂ ਇਲਾਵਾ ਕੁਝ ਹਾਸਲ ਨਹੀਂ ਹੋਵੇਗਾ। ਪਰ ਜੇ ਅਸੀਂ ਹਰ ਸਵੇਰ ਨੂੰ ਇੱਕ ਨਵੇਂ ਮੌਕੇ ਵਾਂਗ ਸਵੀਕਾਰ ਕਰੀਏ ਅਤੇ ਆਪਣੀ ਮਿਹਨਤ ਨਾਲ ਨਾਲ ਸੰਤੁਸ਼ਟੀ ਦਾ ਭਾਵ ਵੀ ਰੱਖੀਏ, ਤਾਂ ਜੀਵਨ ਸੁਖਮਈ ਬਣ ਜਾਂਦਾ ਹੈ। ਸੰਤੁਸ਼ਟੀ ਇਹ ਨਹੀਂ ਕਿ ਅਸੀਂ ਤਰੱਕੀ ਕਰਨੀ ਛੱਡ ਦਈਏ, ਸਗੋਂ ਇਹ ਹੈ ਕਿ ਤਰੱਕੀ ਦੀ ਦੌੜ ਵਿੱਚ ਆਪਣੇ ਮਨ ਦੀ ਸ਼ਾਂਤੀ ਨਾ ਗੁਆਈਏ। ਰਿਸ਼ਤਿਆਂ ਵਿੱਚ ਵੀ ਸੰਤੁਸ਼ਟੀ ਬਹੁਤ ਜ਼ਰੂਰੀ ਹੈ। ਅਕਸਰ ਅਸੀਂ ਹੋਰਨਾਂ ਨਾਲ ਤੁਲਨਾ ਕਰਕੇ ਆਪਣੇ ਜੀਵਨ ਨੂੰ ਅਧੂਰਾ ਸਮਝਣ ਲੱਗ ਪੈਂਦੇ ਹਾਂ। ਪਰ ਹਰ ਇਨਸਾਨ ਦੀ ਆਪਣੀ ਕਹਾਣੀ ਅਤੇ ਆਪਣਾ ਸਫ਼ਰ ਹੁੰਦਾ ਹੈ। ਜਦੋਂ ਅਸੀਂ ਆਪਣੇ ਪਰਿਵਾਰ, ਦੋਸਤਾਂ ਅਤੇ ਸੱਜਣਾਂ ਨਾਲ ਬਿਤਾਏ ਸਮੇਂ ਨੂੰ ਕੀਮਤੀ ਮੰਨਦੇ ਹਾਂ, ਤਾਂ ਮਨ ਨੂੰ ਇੱਕ ਅਜਿਹਾ ਸੁਕੂਨ ਮਿਲਦਾ ਹੈ ਜੋ ਕਿਸੇ ਵੀ ਵੱਡੀ ਕਾਮਯਾਬੀ ਨਾਲ ਨਹੀਂ ਮਿਲ ਸਕਦਾ। ਪਿਆਰ, ਸਤਿਕਾਰ ਅਤੇ ਸਮਝਦਾਰੀ ਨਾਲ ਬਣੇ ਰਿਸ਼ਤੇ ਹੀ ਸਾਡੀ ਅਸਲ ਦੌਲਤ ਹਨ।

ਇਸ ਲਈ ਜ਼ਿੰਦਗੀ ਦੇ ਸਫ਼ਰ ਵਿੱਚ ਸੱਚੀ ਕਾਮਯਾਬੀ ਕਿਸੇ ਉੱਚੀ ਮੰਜ਼ਿਲ ਦਾ ਨਾਮ ਨਹੀਂ, ਬਲਕਿ ਮਨ ਦੀ ਸ਼ਾਂਤੀ ਅਤੇ ਸੰਤੁਸ਼ਟੀ ਦਾ ਨਾਮ ਹੈ। ਜੇ ਅਸੀਂ ਆਪਣੇ ਅੱਜ ਨੂੰ ਸਵੀਕਾਰ ਕਰਕੇ, ਆਪਣੀ ਮਿਹਨਤ ਨਾਲ ਅਤੇ ਸੰਤੁਸ਼ਟ ਮਨ ਨਾਲ ਜੀਵਾਂਗੇ, ਤਾਂ ਹਰ ਦਿਨ ਸਾਨੂੰ ਕਾਮਯਾਬੀ ਦਾ ਅਹਿਸਾਸ ਕਰਵਾਏਗਾ।

# ਕੀ ਸਕੂਲੀ ਸਿੱਖਿਆ ਪੂਰਨ ਧਰਮ-ਨਿਰਪੱਖ ਨਹੀਂ ਹੋਣੀ ਚਾਹੀਦੀ ?

ਭਾਰਤੀ ਸੰਵਿਧਾਨ ਧਰਮ-ਨਿਰਪੱਖਤਾ ਦਾ ਹਾਮੀ ਹੈ ਅਤੇ 'ਧਰਮ-ਨਿਰਪੱਖ' ਸ਼ਬਦ, ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ 42ਵੇਂ ਸੰਸ਼ੋਧਨ (1976) ਦੁਆਰਾ ਸ਼ਾਮਿਲ ਕੀਤਾ ਗਿਆ ਸੀ ਇਸ ਲਈ ਭਾਰਤ ਦਾ ਕੋਈ ਅਧਿਕਾਰਿਕ ਰਾਜ ਧਰਮ ਨਹੀਂ ਹੈ। ਲੋਕਤੰਤਰ ਵਿੱਚ ਧਰਮ ਤੋਂ ਰਾਜ ਨੂੰ ਵੱਖਰਾ ਰੱਖਣ ਦਾ ਇੱਕ ਮਹੱਤਵਪੂਰਨ ਕਾਰਨ ਇਹ ਵੀ ਹੈ ਕਿ ਲੋਕਾਂ ਦੇ ਨਿੱਜੀ ਤੌਰ ਤੇ ਧਾਰਮਿਕ ਚੋਣ ਦੇ ਅਧਿਕਾਰ ਦੀ ਰੱਖਿਆ ਕੀਤੀ ਜਾ ਸਕੇ, ਹਰ ਵਿਅਕਤੀ ਆਪਣੀ ਆਸਥਾ ਅਨੁਸਾਰ ਧਰਮ ਅਪਣਾ ਸਕੇ।

ਮੌਜੂਦਾ ਸਮੇਂ ਦੌਰਾਨ ਸਰਕਾਰੀ ਸਕੂਲਾਂ ਨਾਲੋਂ ਨਿੱਜੀ (ਪ੍ਰਾਈਵੇਟ) ਸਕੂਲਾਂ ਦਾ ਬੋਲਬਾਲਾ ਜ਼ਿਆਦਾ ਹੈ। ਇਹ ਸਪੱਸ਼ਟ ਵੇਖਣ ਨੂੰ ਮਿਲਦਾ ਹੈ ਕਿ ਵੱਖ-ਵੱਖ ਸੰਸਥਾਵਾਂ ਦੁਆਰਾ ਚਲਾਏ ਜਾ ਰਹੇ ਸਕੂਲਾਂ ਵਿੱਚ ਆਪਣੇ ਆਪਣੇ ਧਰਮ ਵਿਸ਼ੇਸ਼ ਵੱਲ ਝੁਕਾ ਸਦਕਾ, ਸਕੂਲੀ ਸਿੱਖਿਆ ਵਿੱਚ ਸੰਬੰਧਤ ਧਰਮ ਦਾ ਏਕਾਧਿਕਾਰ ਰਹਿੰਦਾ ਹੈ, ਉਹਨਾਂ ਦੀਆਂ ਸਕੂਲੀ ਪ੍ਰਾਥਨਾਵਾਂ ਅਤੇ ਹੋਰ ਗਤੀਵਿਧੀਆਂ ਸੰਬੰਧਤ ਧਰਮ ਦਾ ਪ੍ਰਤੀਨਿਧਤਵ ਕਰਦੀਆਂ ਹਨ॥ ਭਾਰਤੀ ਸੰਵਿਧਾਨ ਦੇ ਅਨੁਛੇਦ 28(1) ਤਹਿਤ ਸਰਕਾਰੀ ਸਕੂਲਾਂ ਵਿੱਚ ਧਾਰਮਿਕ ਨਿਰਦੇਸ਼ ਦੇਣ ਤੇ ਪੂਰਨ ਪਾਬੰਦੀ ਹੈ ਪਰੰਤੂ ਅਨੁਛੇਦ 28(3) ਤਹਿਤ ਮਾਨਤਾ ਪ੍ਰਾਪਤ ਸਕੂਲਾਂ ਅਤੇ ਸਰਕਾਰੀ ਆਰਥਿਕ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਮਾਪਿਆਂ ਦੀ ਸਹਿਮਤੀ ਨਾਲ ਧਾਰਮਿਕ ਨਿਰਦੇਸ਼ ਦੇਣ ਦੀ ਆਗਿਆ ਦਿੰਦਾ ਹੈ।

ਸਕੂਲਾਂ ਵਿੱਚ ਸਮਾਜ ਦੇ ਵੱਖ-ਵੱਖ ਵਰਗਾਂ ਦੇ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਨ ਆਉਂਦੇ ਹਨ। ਸਵੱਸਥ ਸਮਾਜ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਜ਼ਰੂਰੀ ਹੈ ਕਿ ਸਕੂਲ ਧਰਮ ਨਿਰਪੱਖ ਹੋਣ, ਉਹਨਾਂ ਉੱਪਰ ਕਿਸੇ ਧਰਮ ਦਾ ਖਾਸ ਪ੍ਰਭਾਵ ਨਾ ਹੋਵੇ ਤਾਂ ਜੋ ਵਿਦਿਆਰਥੀਆਂ ਦਾ ਖੁੱਲ੍ਹੇ ਮਾਹੌਲ ਵਿੱਚ ਉਚਿਤ ਵਿਕਾਸ ਹੋ ਸਕੇ। ਧਰਮ ਨਿਰਪੱਖ ਸਕੂਲੀ ਸਿੱਖਿਆ ਤੋਂ ਭਾਵ ਜੋ ਕਿਸੇ ਵੀ ਧਾਰਮਿਕ ਸਿਧਾਂਤ ਤੋਂ ਪੂਰੀ ਤਰ੍ਹਾਂ ਲ਼ਾਂਭੇ ਹੈ ਅਤੇ ਜੋ ਵਿਗਿਆਨਕ ਤਰੱਕੀ ਦੇ ਨਤੀਜਿਆਂ 'ਤੇ ਅਧਾਰਤ ਹੈ, ਅਗਿਆਨਤਾ ਅਤੇ ਇਸ ਦੇ ਪ੍ਰਭਾਵਾਂ ਜਿਵੇਂ ਕਿ ਗੁਲਾਮਤਾ, ਕੱਟੜਤਾ ਅਤੇ ਪੱਖਪਾਤ ਦੇ ਵਿਰੁੱਧ ਲੜਦੀ ਹੈ।

ਧਰਮ ਅਤੇ ਧਾਰਮਿਕ ਸਿੱਖਿਆ ਵਿਅਕਤੀ ਦਾ ਨਿੱਜੀ ਦਾ ਮਸਲਾ ਹੈ ਅਤੇ ਇਸਨੂੰ ਸਮਾਜ ਤੇ ਸਿੱਧੇ-ਅਸਿੱਧੇ ਢੰਗਾਂ ਨਾਲ ਥੋਪਣਾ ਸਹੀ ਨਹੀਂ। ਜਰਮਨ ਤਾਨਾਸ਼ਾਹ ਅਡੋਲਫ਼ ਹਿਟਲਰ ਨੇ ਕਿਹਾ ਸੀ, 'ਮੈਨੂੰ ਕਿਤਾਬਾਂ ਤੇ ਨਿਯੰਤ੍ਰਣ ਕਰਨ ਦਿਓ ਅਤੇ ਮੈਂ ਜਰਮਨੀ ਨੂੰ ਕਬਜ਼ੇ ਵਿੱਚ ਕਰ ਲਵਾਂਗਾ।' ਧਰਮ, ਤਾਨਾਸ਼ਾਹੀ ਚਾਹੁੰਦਾ ਹੈ ਅਤੇ ਸਿੱਖਿਆ ਵਿੱਚ 'ਧਰਮ ਦੀ ਅਫੀਮ' ਦਾ ਨਸ਼ਾ ਕਿਸੇ ਵੀ ਸਮਾਜ ਤੇ ਕਾਬੂ ਪਾਉਣ ਦਾ ਸਭ ਤੋਂ ਕਾਰਗਾਰ ਹਥਿਆਰ ਹੈ।

ਸ਼ਬਦ 'ਧਰਮ-ਨਿਰਪੱਖ' ਪਹਿਲੀ ਵਾਰ ਬ੍ਰਿਟਿਸ਼ ਲੇਖਕ ਜਾਰਜ ਜੇਕਬ ਹੋਲਿਓਕੇ ਦੁਆਰਾ 1851 ਵਿੱਚ ਵਰਤਿਆ ਗਿਆ ਸੀ। ਹਾਲਾਂਕਿ ਇਹ ਸ਼ਬਦ ਨਵਾਂ ਸੀ, ਪਰ ਅਜ਼ਾਦ ਵਿਚਾਰਾਂ ਵਾਲਿਆਂ ਦੀ ਆਮ ਧਾਰਣਾ ਉਸ ਉੱਤੇ ਅਧਾਰਿਤ ਸੀ, ਜੋ ਇਤਿਹਾਸ ਵਿੱਚ ਮੌਜੂਦ ਸੀ। ਧਾਰਮਿਕ ਮਜ਼ਹਬ ਨੂੰ ਖਾਰਜ ਕਰਦੇ ਜਾਂ ਉਸ ਦੀ ਆਲੋਚਨਾ ਕਰਨ ਤੋਂ ਬਿਨਾਂ, ਹੋਲਿਓਕੇ ਨੇ ਧਰਮ ਤੋਂ ਅਲਗ ਸਮਾਜਿਕ ਕ੍ਰਮ ਨੂੰ ਉਤਸ਼ਾਹਿਤ ਕਰਨ ਦੇ ਆਪਣੇ ਵਿਚਾਰਾਂ ਨੂੰ ਬਿਆਨ ਕਰਨ ਲਈ ਧਰਮ ਨਿਰਪੱਖਤਾ ਦੀ ਸ਼ਰਤ ਦੀ ਸਿਰਜਣਾ ਕੀਤੀ।

ਧਰਮ ਨਿਰਪੱਖਤਾ ਇੱਕ ਵਿਚਾਰਧਾਰਕ ਵਰਤਮਾਨ ਹੈ ਜੋ ਇਸ ਗੱਲ ਦਾ ਬਚਾਅ ਕਰਦੀ ਹੈ ਕਿ ਜਨਤਕ ਜੀਵਨ ਵਿੱਚ ਰਾਜ ਅਤੇ ਧਰਮ ਨੂੰ ਵੱਖ ਕੀਤਾ ਜਾਣਾ ਚਾਹੀਦਾ ਹੈ। ਧਰਮ ਨਿਰਪੱਖਤਾ ਧਾਰਮਿਕ ਸੰਸਥਾਵਾਂ ਦੇ ਜਨਤਕ ਜੀਵਨ ਨੂੰ ਪ੍ਰਭਾਵਿਤ ਕਰਨ ਤੋਂ ਦੂਰ ਰਹਿਣ ਦੀ ਮਹੱਤਤਾ ਵੱਲ ਇਸ਼ਾਰਾ ਕਰਦੀ ਹੈ। ਫਰਾਂਸ ਵਿੱਚ ਫਰਾਂਸੀਸੀ ਕ੍ਰਾਂਤੀ ਤੋਂ ਬਾਅਦ ਰਾਜ ਚਰਚ ਤੋਂ ਵੱਖ ਹੋਣਾ ਸ਼ੁਰੂ ਹੋ ਗਿਆ ਅਤੇ ਇੱਕ ਪਹਿਲੂ ਜੋ ਇਸ ਨਵੀਂ ਪ੍ਰਣਾਲੀ ਨੇ ਲਾਗੂ ਕੀਤਾ ਸੀ, ਉਹ ਸੀ ਧਰਮ ਨਿਰਪੱਖ ਸਕੂਲਾਂ ਅਤੇ ਯੂਨੀਵਰਸਿਟੀਆਂ ਦਾ ਹੋਣਾ, ਭਾਵ ਧਾਰਮਿਕ ਸਿਖਲਾਈ ਜਾਂ ਸਮੱਗਰੀ ਤੋਂ ਬਿਨਾਂ।

**ਗੋਬਿੰਦਰ ਸਿੰਘ ਢੀਂਡਸਾ**
**ਪਿੰਡ ਤੇ ਡਾਕ. ਬਰੜ੍ਹਵਾਲ (ਧੂਰੀ)**
**ਮੋਬਾਇਲ ਨੰਬਰ - 92560-66000**

# ਇੱਕ ਚੁੱਪ ਸੌ ਸੁੱਖ

ਚੁੱਪ ਮਨੁੱਖੀ ਜ਼ਿੰਦਗੀ ਦਾ ਅਹਿਮ ਤੇ ਰਹੱਸਮਈ ਪਹਿਲੂ ਹੈ ਜਿਸ ਦੇ ਹਾਵ-ਭਾਵ ਦੀ ਕਿਰਿਆ ਹੀ ਜਵਾਬਦਾਰ ਹੁੰਦੀ ਹੈ ।ਚੁੱਪ ਦੀ ਭਾਸ਼ਾ ਨੂੰ ਸਮਝਣਾ ਜਾ ਵੱਸ ਵਿਚ ਕਰਨਾ ਅਸਾਨ ਨਹੀ ।ਮਨ ਦੇ ਸਹਿਜ ਵਿਚਾਰ ਜਾ ਬਾਹਰੀ ਸੰਸਾਰ ਦਾ ਅਵੱਲੜ ਵਰਤਾਰਾ ਚੁੱਪ ਨਾਲ ਸਹਿਚਾਰ ਨਹੀ ਬਣਨ ਦਿੰਦਾ ਜਿਸ ਦੀ ਪ੍ਰੋੜਤਾ ਗੁਰਬਾਣੀ ਦੀਆ ਤੁਕਾ " ਚੁੱਪਾਂ ਚੁੱਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ " ਵਿਚ ਵੀ ਦਰਸਾਇਆ ਹੈ ।ਭਾਂਵੇ ਆਪਣਾ ਧਿਆਨ ਕਿਤੇ ਵੀ ਕੇਂਦਰਤ ਕਰਨ ਦੀ ਕੋਸਿਸ ਕਰੀਏ ਫਿਰ ਵੀ ਸਾਂਤ/ ਚੁੱਪ ਨਹੀ ਰਿਹ ਸਕਦੇ । ।ਬੋਲਣਾ ਬਹੁਤ ਅਸਾਨ ਕਿਰਿਆ ਹੈ ।ਪਰ ਅਜਿਹੇ ਅਨੇਕ ਪੜਾਅ ਹਨ ਜਿੱਥੇ ਵਕਤ ਦੇ ਤਕਾਜ਼ੇ ਨਾਲ ਚੁੱਪ ਰਹਿਣਾ ਹੀ ਠੀਕ ਸਮਝਿਆ ਜਾਂਦਾ ਹੈ ।ਅਕਸਰ ਸਿਆਣੇ ਸਮਝਾਉਂਦੇ ਹਨ,ਜੇ ਲੜਾਈ ਵਿੱਚ ਇੱਕ ਧਿਰ ਚੁੱਪ ਹੋ ਜਾਵੇ ਬਹੁਤੇ ਮਸਲਾ ਹੱਲ ਹੋ ਜਾਂਦੇ ਹਨ ।ਤੋਲ ਕੇ ਬੋਲੇ ਸਬਦਾ ਨਾਲ ਹੀ ਘਰ ਬੱਝੇ ਰਹਿੰਦੇ ਹਨ ਜਿਸ ਸਕਦਾ ਸਰੀਕੇ ਵਿਚ ਕੁਨਬੇ ਦੇ ਰੁਤਬੇ ਦਾ ਵਧਦਾ ਹੈ ਚੁੱਪ ਹੀ ਉਮਰ ਭਰ ਦੇ ਰਿਸ਼ਤੇ ਨਿਭਾਉਣ ਵਿਚ ਸਹਾਈ ਹੈ ਸ਼ਾਇਦ ਇਸੇ ਲਈ ਪੰਜਾਬੀ ਦਾ ਅਖਾਣ "ਇੱਕ ਚੁੱਪ ਸੌ ਸੁੱਖ"ਸਮਾਜਿਕ ਵਿਵਹਾਰ ਦਾ ਹਿੱਸਾ ਬਣ ਗਿਆ ਅਜਿਹੇ ਅਨੇਕਾ ਕੰਮਾਂ ਜੋ ਸੁਣਨ ਨਾਲ ਹੀ ਸਮਝੇ ਜਾ ਸਕਦੇ ਹਨ੍ਹ ਪਰ ਸਮਝਣ ਲਈ ਲਈ ਚੁੱਪ ਜਰੂਰੀ ਹੈ ਸਿੱਖਣ ਤੇ ਸਮਝਣ ਲਈ ਚੁੱਪ ਦੀ ਭੂਮਿਕਾ ਮਹੱਤਵਪੂਰਨ ਹੈ ਸਾਇਦ ਇਸੇ ਕਰਕੇ ਅੰਗਰੇਜ਼ੀ ਭਾਸ਼ਾ ਨੇ ਸ਼ਬਦ silent ਅਤੇ listen ਅੱਖਰਾਂ ਦੀ ਗਿਣਤੀ ਵਿੱਚ ਮਾਸਾ ਫਰਕ ਨਹੀ੍ਹ ਜੋ ਚੁੱਪ ਅਤੇ ਸੁਣਨ ਦੀ ਮਹਾਨਤਾ ਦੀ ਸਮਾਨਤਾ ਨੂੰ ਦਰਸਾਉਂਦਾ ਹੈਇਹ ਸਾਡੀ ਕਲਪਨਾ ਦੇ ਅਲੋਕਾਰੀ ਵਿਚਾਰਾ ਵਿਚ ਵਾਧਾ ਕਰਦੀ ਹੈ ਇਸ ਉਮਦਾ ਖ਼ਜ਼ਾਨੇ ਨੂੰ ਨਾਟ ਕਲਾ ਰਾਹੀਂ ਵੀ ਪੇਸ਼ ਕਰ ਸਕਦੇ ਹਾਂ

ਚੁੱਪ ਲਾਤੀਨੀ ਭਾਸ਼ਾ ਦੇ ਸ਼ਬਦ ਸਾਈਲੈਂਸ ਤੋਂ ਆਇਆ ਹੈ ਜਿਸਦਾ ਅਰਥ ਸ਼ਾਂਤ ਜਾਂ ਆਵਾਜ ਦੀ ਅਣਹੋਂਦ ਹੈ । ਜੋ ਧਿਆਨ ਨੂੰ ਉਤਸ਼ਾਹਿਤ ਕਰਦੀ ਤੇ ਇਕਾਗਰਤਾ ਨੂੰ ਵਧਾਉਂਦੀ ਹੋਈ ਛੁਪੀ ਕਲਾ ਨਾਲ ਜੁੜਨ ਦੀ ਆਗਿਆ ਦਿੰਦੀ ਹੈ।ਜਿਸ ਨਾਲ ਸੋਚਣ ਅਤੇ ਕੰਮ ਕਰਨ ਦੀ ਸ਼ਕਤੀ ਪ੍ਰਪਤ ਕਰਦੇ ਹਾ।ਪਰ ਅਜੋਕੇ ਸਮੇ ਚੁੱਪ ਸ਼ਬਦ ਖੌਫ ਨਾਲ ਜੋੜ ਦਿੱਤਾ ।ਚੁੱਪ ਨੂੰ ਅੰਦਰੂਨੀ ਤੌਰ ਤੇ ਖਤਰਨਾਕ, ਸਮਾਜ ਵਿਰੋਧੀ ਜਾਂ ਅਸਧਾਰਨ ਵਜੋਂ ਦੇਖਦੇ ਹਾਂ।ਨੇਤਾਵਾਂ ਦਾ ਬੋਲਣਾ ਭੈਭੀਤ ਨਹੀਂ ਕਰਦਾ ਸਗੋਂ ਉਹਨਾਂ ਦੇ ਮੂੰਹ ਤੇ ਪੱਸਰੀ ਚੁੱਪ ਨਾਲ ਸਨਾਟਾ ਫੈਲ ਜਾਦਾ ਹੈ ਜਿਸਦੇ ਬੋਲਣ ਨਾਲ ਨੀਤੀਆਂ ਬਣਦੀਆਂ ਤੇ ਬਦਲਦੀ ਅਤੇ ਪਾਰਟੀ ਦੀ ਦਸ਼ਾ ਰਾਤੋ ਰਾਤ ਬਦਲ ਜਾਂਦੀ ਹੈ ਹਨ੍ਹ ਉਸੇ ਤਰ੍ਹਾਂ ਅੱਲ੍ਹੜ ਉਮਰੇ ਦੀ ਚੁੱਪ ਮਾਪਿਆਂ ਦਾ ਚੈਨ ਉਡਾ ਦਿੰਦੀ ਹੈ ਭਾਵੇਂ ਉਹ ਅਣਬੁੱਝੇ ਸਵਾਲਾਂ ਦੇ ਫੈਸਲੇ ਸਾਰਥਿਕ ਹੀ ਹੋਵਣ੍ਹ ਕੁਝ ਤਰਕਹੀਣ ਤੱਥਾ ਕਾਰਨ ਅਸੀਂ ਚੁੱਪ ਤੋਂ ਡਰਦੇ ਅਤੇ ਨਫ਼ਰਤ ਕਰਦੇ ਹਾਂ ।ਇਸ ਤੋਂ ਬਚਣ ਲਈ ਹਰ ਸੰਭਵ ਕੋਸ਼ਿਸ਼ ਹੁੰਦੀ ਹੈ।ਲੰਡਨ ਦੀ ਲੇਖਿਕਾ ਸਾਰਾ ਮੈਟਲੈਂਡ ਨੇ ਆਪਣੀ ਪ੍ਰਕਾਸ਼ਨ ÷ਚੁੱਪ ਦੀ ਕਿਤਾਬ÷ ਵਿੱਚ ਕਿਹਾ ਕਿ ਚੁੱਪ ਸਿਰਫ਼ ਆਵਾਜ਼ ਦੀ ਅਣਹੋਂਦ ਨਹੀਂ ਹੈ, ਇਹ ਇਸ ਤੋਂ ਵੱਧ ਹੈ।ਚੁੱਪ ਇੱਕ ਕੁਦਰਤੀ ਵਰਤਾਰਾ ਹੈ ਜੋ ਰਚਨਾਤਮਕ ਊਰਜਾ ਦਾ ਇੱਕ ਸਰੋਤ ਹੋ ਸਕਦਾ ਹੈ ਇਸ ਤੋਂ ਬਚਣ ਦੀ ਬਜਾਏ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਲਾਭ ਲੈਣਾ ਚਾਹੀਦਾ ਹੈ।ਅਸੀਂ ਆਪਣੀ ਜ਼ਿੰਦਗੀ ਵਿੱਚ ਚੁੱਪ ਦੀ ਕਦਰ ਨਹੀਂ ਕਰਦੇ ਉਲਟਾ ਰੌਲੇ-ਰੱਪੇ ਦੇ ਆਦੀ ਹੋ ਗਏ ਹਾਂ ।ਵਿੰਡਵਨਾ ਇਹ ਵੀ ਹੈ ਸਾਲ 2025 ਦੇ ਕੌਮਾਂਤਰੀ ਸਰਵੇ (Global Peace Index, GPI AIth edition), ਅਨੁਸਾਰ ਭਾਰਤ 163 ਸਾਂਤ ਦੇਸ਼ਾ ਦੇ ਰੈਂਕ ਵਿੱਚ 115ਵਾਂ ਸਥਾਨ ਅਤੇ ਆਇਸਲੈਂਡ ਪਹਿਲੇ ਸਥਾਨ ਤੇ ਹੈ ।ਜਦੋ ਕਿ ਭਾਰਤ ਉਸ ਤੋ 32 ਗੁਣਾ ਵੱਡਾ ਤੇ ਵਾਧੂ ਵਿਕਾਸ ਦੇ ਸੋਮੇ ਮੌਜੂਦ ਹਨ ।

ਚੁੱਪ ਵਿੱਚ ਰਚਨਾਤਮਕਤਾ ਕਿਰਿਆ ਦਾ ਅਹਿਮ ਪਹਿਲੂ ਛੁਪਿਆ ਹੈ ।ਧਰਤੀ ਉਪਰ ਜੀਵਤ ਪ੍ਰਣਾਲੀਆ ਨਾਲੋ ਮਨੁੱਖ ਦਿਮਾਗੀ ਤੋਰ ਤੇ ਸਭ ਤੋ ਵੱਧ ਵਿਕਸਤ ਹੈ ।ਪਰ ਕੁਝ ਗੈਰ-ਸਿਹਤਮੰਦ ਆਦਤਾਂ ਦੁਆਰਾ ਇਹ ਗੁਣ ਨਵਾਣ ਵੱਲ ਜਾ ਰਿਹਾ ਹੈ ।ਕਿਸੇ ਵੀ ਕਿਰਿਆ ਸਮੇ ਅਸਾਂਤ ਵਾਤਾਵਰਨ ਯਕੀਨੀਨ ਇਕਾਗਰਤਾ ਨੂੰ ਪ੍ਰਭਾਵਤ ਕਰਦਾ ਹੈ। ਨਤੀਜੇ ਵਜੋਂ ਕੰਮ ਦੀ ਗੁਣਵੱਤਾ ਉਪਰ ਅਸਰ ਪੈਦੇ ਹੈ ।ਰਚਨਾਤਮਕਤਾ ਨੂੰ ਚੁੱਪ ਅਤੇ ਸ਼ਾਂਤ ਵਾਤਾਵਰਨ ਦੀ ਲੋੜ ਹੁੰਦੀ ਹੈ।ਇਹ ਮਹੌਲ ਲੇਖਣੀ ਲਈ ਫਸਲਾਂ ਨੂੰ ਲੋੜੀਂਦੀ ਖਾਦ ਵਾਗ ਹੈ ।ਜੋ ਰਚਨਾਕਾਰ ਨੂੰ ਪ੍ਰਤਿਭਾ ਵਿਕਸਤ ਕਰਨ ਅਤੇ ਡੂੰਘਾਈ ਨਾਲ ਸੋਚਣ ਦੀ ਆਗਿਆ ਦਿੰਦਾ ਹੈ। ਅਜਿਹਾ ਪ੍ਰੇਰਨਾਮਈ ਪਲ ਬੁੱਧੀਜੀਵੀ, ਚਿੰਤਕ, ਕਲਾਕਾਰ, ਲੇਖਕ, ਖੋਜਕਾਰ ਹਮੇਸ਼ਾਂ ਲੋਚਦੇ ਹਨ ਤਾਂ ਜੋ ਕੋਮਲ ਅਹਿਸਾਸਾ ਨੂੰ ਲੈਅ ਬੱਧ ਕਰ ਸਕਣ ।ਇਬਾਰਤ ਵੀ ਚੁੱਪ ਦੀ ਉਪਜ ਹੈ ।ਪਰਸੀਅਨ ਅਦਬੀ ਕਲਮਕਾਰ ਰੂਮੀ ਨੇ ਚੁੱਪ ਦੀ ਮਹਾਨਤਾ ਬਾਰੇ ਲਿਖਿਆ " ਕਿ ਚੁੱਪ ਇੱਕ ਸਮੁੰਦਰ ਵਾਂਗ ਹੈ ।ਬੋਲੀ ਜਿਸ ਦਾ ਦਰਿਆਈ ਵਹਾਅ ਹੈ। ਜਦੋਂ ਸਮੁੰਦਰ ਤੁਹਾਨੂੰ ਲੱਭ ਰਿਹਾ ਹੋਵੇ ਤਾ ਨਦੀ ਵੱਲ ਨਾ ਜਾਓ, ਸਮੁੰਦਰ ਨੂੰ ਸੁਣੋ "ਇਸ ਲਈ ਚੁੱਪ ਨੂੰ ਰਚਨਾਤਮਕਤਾ ਦਾ ਸੋਮਾ ਕਿਹਣ ਵਿੱਚ ਕੋਈ ਅਤਿਕਥਨੀ ਨਹੀ ਹੋਵੇਗਾ ।

ਚੁੱਪ ਅੰਦਰੂਨੀ ਤੋਰ ਤੇ ਉਤਸ਼ਾਹਿਤ ਅਤੇ ਵਿਸ਼ਵਾਸ ਪੈਦਾ ਕਰਦੀ ਹੈ।ਅਸੀ ਬਾਹਰੀ ਵਿਚਾਰਾਂ ਤੋ ਹਟਕੇ ਅੰਤਰਮੁੱਖੀ ਗਿਆਨ ਵੱਲ ਕੇਂਦਰਿਤ ਹੁੰਦੇ ਹਾਂ ।ਜਿਸ ਨਾਲ ਦਿਮਾਗ ਨੂੰ ਅਲੌਕਿਕ ਸ਼ਕਤੀ ਪ੍ਰਾਪਤ ਹੁੰਦੀ ਹੈ।ਉਸੇ ਤਰ੍ਹਾਂ ਸੰਸਾਰ ਨੂੰ ਦੇਖਣਾ ਸ਼ੁਰੂ ਕਰ ਦਿੰਦੇ ਹਾਂ ਜਿਵੇਂ ਇਹ ਹੋਣਾ ਚਾਹੀਦਾ ਹੈ।ਸਾਡੇ ਵਿਚਾਰ ਕਦੇ-ਕਦੇ ਸਾਡੀ ਅਸਲੀਅਤ ਦੇ ਰਾਹ ਵਿੱਚ ਆ ਜਾਂਦੇ ਹਨ ।ਅਸੀਂ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਨੂੰ ਨਹੀਂ ਦੇਖਦੇ ।ਜਦੋਂ ਚੁੱਪ ਹੁੰਦੀ ਹੈ ਤਾਂ ਆਤਮ-ਨਿਰੀਖਣ ਅਤੇ ਸੱਚੇ-ਮਨ ਨੂੰ ਬੋਲਣ ਦੀ ਇਜਾਜ਼ਤ ਮਿਲਦੀ ਹੈ ।ਜਿਸ ਸਦਕੇ ਅਟਲ ਸਚਾਈ ਆਪ-ਮੁਹਾਰੇ ਪ੍ਰਕਰਮਾ ਕਰਦੀ ਹੈ ।ਇਹ ਅੰਦਰੂਨੀ ਆਵਾਜ਼ ਨੂੰ ਸਮਝਣ,ਸੁਣਨ ਅਤੇ ਸੋਚਣ ਦੇ ਯੋਗ ਬਣਾਉਂਦੀ ਹੈ।ਇਹ ਆਪਣੇ ਆਪ ਨੂੰ ਜਾਨਣ ਦਾ ਉਤਮ ਮੌਕਾ ਹੁੰਦਾ ਹੈ ।ਚੁੱਪ ਸਾਡੀਆਂ ਕਦਰਾਂ-ਕੀਮਤਾਂ, ਖੂਬੀਆਂ , ਵਿਰਤੀਆਂ , ਸੀਮਾਵਾਂ ਲੱਭ ਟੀਚੇ ਮਿਥ ਕੇ ਸਹੀ ਦਿਸ਼ਾ ਵੱਲ ਮੋੜਦੀ ਹੈ।

ਚੁੱਪ ਮਾਨਸਿਕ ਤੇ ਸਰੀਰਕ ਤੋਰ ਤੇ ਸਕੂਨ ਪ੍ਰਦਾਨ ਕਰਦੀ ਹੈ ।ਇਸੇ ਲਈ ਧਾਰਮਿਕ ਸਥਾਨਾ ਅਤੇ ਹਸਪਤਾਲਾ ਵਿੱਚ ਸਾਂਤ ਮਹੋਲ ਦਾ ਖਾਸ ਧਿਆਨ ਰੱਖਦੇ ਹਨ ਜਿਸ ਦੀ ਆਧੁਨਿਕ ਜੀਵਨ ਵਿੱਚ ਅਤਿ ਘਾਟ ਰੜਕਦੀ ਹੈ ।ਲੋਕਾ ਦੀ ਬੇਚੈਨੀ ਦਰਸਾਉਂਦੀ ਹੈ ਕਿ ਉਹ ਚੁੱਪ ਤੋਂ ਕਿੰਨੇ ਦੂਰ ਹਨ । ਹਾਈਪਰਐਕਟੀਵਿਟੀ ਦੀ ਸਮੱਸਿਆ ਵਧਦੀ ਜਾ ਰਹੀ ਹੈ ਜੋ ਦਿਮਾਗੀ ਰੌਲੇ-ਰੱਪੇ ਚਲਦਿਆ ਸ਼ਾਂਤ ਹੋਣ ਤੋਂ ਰੋਕਦੀ ਹੈ।ਅਸੀਂ ਵਰਤਮਾਨ ਪਲ ਨੂੰ ਜੀਣ ਲਈ ਅਤੀਤ ਅਤੇ ਭਵਿੱਖ ਨੂੰ ਭੁੱਲ ਜਾਂਦੇ ਹਾਂ।ਕਈ ਵਾਰ ਅਸਾਂਤ ਸਮੇ ਅਤੇ ਊਣੇ ਗਿਆਨ ਦੇ ਬੋਲ ਨਾਸੂਰ ਬਣ ਉਭਰਦੇ ਹਨ ।ਅਜਿਹੇ ਮੌਕੇ ਸੁਲਝੇ ਮਨੁੱਖ ਨੂੰ ਸਾਂਤ ਰਿਹਨਾ ਹੀ ਸਹੀ ਜਾਪਦਾ ਹੈ ।ਜਿਸਦੀ ਹਾਮੀ ਗੁਰਾ ਦੀ ਬਾਣੀ " ਜਿਥੈ ਬੋਲਿਣ ਹਾਰੀਐ,ਤਿਥੈ ਚੰਗੀ ਚੁੱਪ "ਦਾ ਵਾਕ ਵੀ ਹਾਰਨ ਦੀ ਬੋਲੀ ਬੋਲਨ ਤੋ ਵਰਜਿਤ ਕਰਦੇ ਹੋਏ ਚੁੱਪ ਰਿਹਣ ਵਿੱਚ ਹੀ ਭਲਾ ਫਰਮਾਉਦੇ ਹਨ ।ਸੂਫੀ ਕਵੀ ਬਾਬਾ ਬੁੱਲ੍ਹੇ ਸ਼ਾਹ ਨੇ ਚੁੱਪ ਅਤੇ ਸਮਾਜਿਕ ਪ੍ਰੰਮਪਰਾ ਸਬੰਧੀ ਰਚੀ ਵਿਲੱਖਣ ਰਚਨਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਸ਼ਮਾਨ ਹੈ। ਜਿਸ ਰਾਹੀ ਮਨੁੱਖੀ ਫਿਤਰਤ ਦਾ ਅਸਲ ਚਿਹਰਾ ਉਜਾਗਰ ਹੋਇਆ੍ਹ

ਸੱਚ ਸੁਣਦੇ ਲੋਕ ਨਾ ਸਹਿੰਦੇ ਨੀ,
ਸੱਚ ਆਖੀਏ ਤਾਂ ਗਲ ਪੈਂਦੇ ਨੀ੍ਹ
ਫਿਰ ਸੱਚੇ ਪਾਸ ਨਾ ਬਹਿੰਦੇ ਨੀ,ਸੱਚ
ਮਿੱਠਾ ਆਸ਼ਕ ਪਿਆਰੇ ਨੂੰ੍ਹ
ਚੁੱਪ ਕਰਕੇ ਕਰੀਂ ਗੁਜ਼ਾਰੇ ਨੂੰ੍ਹ

ਚੁੱਪ ਨਾਲ ਸੁਣਨ ਦਾ ਮੌਕਾ ਮਿਲਦਾ ਹੈ ।ਦੂਜਿਆ ਨਾਲ ਗੱਲਬਾਤ ਦੌਰਾਨ ਚੁੱਪ ਇਕ ਸਤਿਕਾਰਤ ਚਿੰਨ ਹੈ ।ਚਿਹਰੇ ਦੇ ਹਾਵ-ਭਾਵ ਨਾਲ ਲੱਗੀ ਹਾਜਰੀ ਬੁਲਾਰੇ ਦਾ ਹੋਸਲਾ ਬੁਲੰਦ ਕਰਦੀ ਹੈ ।ਇਸ ਦੇ ਉਲਟ ਜਦੋਂ ਟੋਕਦੇ ਜਾਂ ਸੁਣਦੇ ਨਹੀਂ ਤਾਂ ਇਹ ਦਰਸਾ ਰਹੇ ਹੋ ਕਿ ਦੂਜੇ ਵਿਅਕਤੀ ਦੇ ਵਿਚਾਰ ਮਹੱਤਵਪੂਰਨ ਨਹੀਂ ।ਦਿਮਾਗੀ ਚੁੱਪ ਵੀ ਉਨੀ ਹੀ ਜ਼ਰੂਰੀ ਹੈ ਤਾ ਜੋ ਅੰਦਰੂਨੀ ਆਵਾਜ਼ ਨੂੰ ਸੁਣਨ ਦਾ ਮੌਕਾ ਮਿਲ ਸਕੇ ।ਇਹ ਸਾਨੂੰ ਗਲਤ ਵਿਚਾਰਾਂ ਤੋਂ ਬਚਾਉਣ ਅਤੇ ਮਾਨਸਿਕ ਸ਼ੋਰ ਨੂੰ ਖਤਮ ਕਰਨ ਦੇ ਯੋਗ ਬਣਾਉਂਦੀ ਹੈ ।ਆਪਣੇ ਮਨ ਨੂੰ ਸ਼ਾਂਤ ਕਰ ਵਧੇਰੇ ਕੁਸ਼ਲਤਾ ਨਾਲ ਕੰਮ ਕਰ ਸਕਦੇ ਹਾਂ । ਸਾਡੇ ਰੋਜ਼ਾਨਾ ਜੀਵਨ ਵਿੱਚ ਮਾਨਸਿਕ ਚੁੱਪ ਦਾ ਟੀਚਾ ਹੋਣਾ ਚਾਹੀਦਾ ਹੈ।ਜੇਕਰ ਮਾਨਸਿਕ ਤੌਰ 'ਤੇ ਸ਼ਾਂਤ ਹਾਂ ਮੁਸਕਲ ਸਮੱਸਿਆਵਾਂ ਦਾ ਨਿਬੇੜਾ ਕਰ ਸਕਦੇ ਹਾਂ । ਜ਼ੀਵਨ ਦੀ ਬੇਹਤਰੀ ਲਈ ਜੂਝਣ ਤੋ ਨਹੀ ਡਰਦੇ ।ਸਾਨੂੰ ਅਸਮਾਨ ਵਾਂਗ ਵਡੇਰਾ ਦੂਜਿਆਂ ਦੇ ਵਿਚਾਰਾਂ ਨੂੰ ਬਰਦਾਸ਼ਤ ਕਰਨ ਲਈ ਅਤੇ ਸਮੁੰਦਰ ਵਾਂਗ ਡੂੰਘਾ ਹੋਣਾ ਚਾਹੀਦਾ ਹੈ ਜਿੱਥੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਡੁੱਬ ਜਾਵਣ ।ਚੁੱਪ ਬਾਰੇ ਨਕਾਰਾਤਮਕ ਅਕਸ ਬਦਲਣਾ ਚਾਹੀਦਾ ਹੈ।ਚੁੱਪ ਦੇ ਗੁਝੇ ਭੇਤ ਸਮਝ ਹੀ ਜਿੰਦਗੀ ਦੇ ਫਲਸਫੇ ਨੂੰ ਸਿੰਝਣ ਵਿਚ ਮੱਦਦ ਮਿਲਦੀ ਹੈ ।

ਬੇਸੱਕ ਵਿਗਿਆਨ ਅਤੇ ਤਕਨਾਲੋਜੀ ਨੇ ਜੀਵਨ ਨੂੰ ਸੁਖਾਲਾ ਬਣਾ ਦਿੱਤਾ। ਪਰੰਤੂ ਲੋਕ ਅਨੈਤਿਕ ਉਦੇਸ਼ ਲਈ ਕਾਢਾਂ ਦੀ ਦੁਰਵਰਤੋਂ ਵੱਲ ਤੁਰ ਪਏ ।ਜਿਸ ਨੇ ਸ਼ਾਂਤੀ ਅਤੇ ਸਦਭਾਵਨਾ ਨਾਲ ਰਹਿਣ ਦੇ ਤਰੀਕਿਆਂ ਨੂੰ ਪਾਸੇ ਸੁਟਿਆ ।ਹੋਰ ਅਨੇਕਾ ਵਸਤਾ ਹਨ ਉਝ ਮੋਬਇਲ ਦੀ ਕਾਢ ਨੇ ਹੀ ਪੂਰੀ ਦੁਨੀਆ ਦੇ ਸਾਰੇ ਪੱਖਾ ਨੂੰ ਝੰਜੋੜ ਕੇ ਰੱਖ ਦਿੱਤਾ ।ਅਥਾਹ ਸ਼ਕਤੀ ਦੇ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਆਉਂਦੀ ਹਨ ।ਵਿਨਾਸ਼ਕਾਰੀ ਪੱਖ ਨਾਲੋ ਸਿੱਖਿਆ, ਸਿਹਤ ਅਤੇ ਉਤਪਾਦਕ ਸਾਧਨਾਂ ਦੀ ਮੁੱਢਲੀ ਲੋੜ ਹੈ ।ਜੋ ਸ਼ਾਤ ਮਹੌਲ ਦੀਆ ਬੁਨਿਆਦਾ ਹਨ ।ਇਹ ਰਾਹ ਕੁਦਰਤ ਨਾਲ ਜੁੜਨ ਦਾ ਸਰਲ ਮਾਰਗ ਹੈ ।ਜਿਸ ਦੀਆ ਪਗਡੰਡੀਆ ਚੁਪ ਵਿਚੋ ਹੋ ਗੁਜਰ ਦੀਆ ਹਨ ।ਇਸ ਤੋ ਬਿਨਾ ਕੁਦਰਤ ਦੀਆ ਕੁੱਝ ਅਨਮੋਲ ਨਿਆਮਤਾ ਨੂੰ ਮਾਨਣ ਦਾ ਕੋਈ ਹੋਰ ਬਦਲ ਨਹੀ ।ਸੋ ਆਉ ਚੁੱਪ ਦੇ ਅਣਮੁੱਲੇ ਖਜਾਨੇ ਨਾਲ ਜੀਵਨ ਸ਼ਫਲ ਬਣਾਈਏ ਤੇ ਚੋਗਿਰਦਾ ਨੂੰ ਸਾਂਤ ਵਾਤਾਵਰਨ ਦੀ ਸੋਹ ਨਾਲ ਰੂਹਾਨੀ ਰੰਗ ਵਿੱਚ ਰੰਗੀਏ ।

**ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ**
**ਮੋ 78374 90309 1**

# ਜਿਸ ਤਨ ਲਾਗੇ ਸੋਈ ਜਾਣੇ

ਦੁਨੀਆਂ ਭਰ ਦਾ ਹਰ ਵਿਅਕਤੀ ਸਿੱਧੇ ਅਸਿੱਧੇ ਤੌਰ ਤੇ ਖੇਤੀ ਨਾਲ ਜੁੜਿਆ ਹੋਇਆ ਹੈ। ਕਿਸੇ ਵੀ ਰੂਪ ਵਿੱਚ ਵਰਤਿਆ ਜਾਵੇ ਅਨਾਜ ਬਿਨਾਂ ਕਿਸੇ ਨੂੰ ਨਹੀਂ ਸਰਦਾ। ਸਿੱਧੀ ਜਿਹੀ ਗੱਲ ਐ ਸਭ ਦੇ ਢਿੱਡ ਲੱਗੇ ਹੋਏ ਨੇ ਇਹਨਾਂ ਨੂੰ ਭਰਨ ਵਾਸਤੇ ਅਨਾਜ, ਫਲ ?, ਸਬਜ਼ੀਆਂ ਆਦਿ ਦੀ ਜ਼ਰੂਰਤ ਹੁੰਦੀ ਹੈ। ਉਹ ਸਾਨੂੰ ਖੇਤਾਂ ਵਿੱਚੋਂ ਮਿਲਦੇ ਹਨ। ਅਸੀਂ ਆਪਣੀ ਥਾਲ ?ੀ ਵਿੱਚ ਪਏ ਭੋਜਨ ਦੇ ਪਿੱਛੇ ਹੋਈ ਮਿਹਨਤ ਬਾਰੇ ਸੋਚੀਏ ਤਾਂ ਸਭ ਤੋਂ ਵੱਧ ਮਿਹਨਤ ਕਿਰਤੀ ਕਿਸਾਨ ਦੀ ਹੁੰਦੀ ਹੈ। ਕਿਸਾਨ ਖੇਤ ਵਾਹੁੰਦਾ ਸੰਵਾਰਦਾ ਹੈ। ਫਿਰ ... ਚਿੜੀਆਂ- ਜਨੌਰਾਂ ਦੇ ਭਾਗੀਂ, ਹਾਲ ?ੀ-ਪਾਲ ?ੀ ਦੇ ਭਾਗੀਂ, ਰਾਹੀ-ਪਾਂਧੀ ਦੇ ਭਾਗੀਂ ... ਆਖ ਕੇ ਬੀਜ ਬੀਜਦਾ ਹੈ। ਬੀਜਾਂ ਨੂੰ ਪੁੰਗਰਦੇ ਵੇਖਦਾ, ਸਮੇਂ ਤੇ ਪਾਣੀ, ਖਾਦ-ਖ਼ੁਰਾਕ ਦਿੰਦਾ ਹੈ, ਬੀਮਾਰੀਆਂ ਤੋਂ ਬਚਾਉਣ ਲਈ ਸੌ ਹੀਲੇ-ਵਸੀਲੇ ਕਰਦਾ ਹੈ। ਆਪਣੀ ਫ਼ਸਲ ਨੂੰ ਜਵਾਨ ਹੁੰਦੀ ਵੇਖਦਾ ਹੈ। ਕਈ ਮਹੀਨਿਆਂ ਦੀ ਮੁਸ਼ੱਕਤ ਤੋਂ ਬਾਅਦ ਫਿਰ ਕਿਤੇ ਜਾ ਕੇ ਉਸ ਦੀ ਮਿਹਨਤ ਨੂੰ ਬੂਰ ਪੈਂਦਾ ਹੈ। ਰੀਝਾਂ ਪੂਰੀਆਂ ਹੋਣ ਦੀ ਆਸ ਬੱਝਦੀ ਹੈ। ਮਿਹਨਤ ਨੂੰ ਫਲ ? ਪੈਂਦਾ ਵੇਖ ਕੇ ਖੁਸ਼ ਹੋਣਾ ਕੁਦਰਤੀ ਗੱਲ ਹੈ। ਭਰਪੂਰ ਫ਼ਸਲ ਨੂੰ ਵੇਖ ਕੇ ਕਿਸਾਨ ਦੀ ਖੁਸ਼ੀ ਦੀ ਝਲਕ ਉਸ ਦੇ ਬਹਿਣ-ਖਲੋਣ ਦੇ ਤਰੀਕੇ ਵਿੱਚੋਂ ਵੀ ਨਜ਼ਰ ਆਉਂਦੀ ਹੈ। ਉਹ ਆਪਣੇ ਹੱਥ ਫੜੀ ਸੋਟੀ ਨੂੰ ਇੱਕ ਪਾਸੇ ਵੱਟ ਤੇ ਗੱਡ ਦਿੰਦਾ ਹੈ। ਆਪਣੀਆਂ ਢਾਕਾਂ ਉੱਤੇ ਹੱਥ ਧਰ ਕੇ ਮਾਣ ਨਾਲ ? ਆਪਣੇ ਖੇਤਾਂ ਨੂੰ ਨਿਹਾਰਦਾ ਹੈ। ਵੱਟ 'ਤੇ ਪੱਬਾਂ ਭਾਰ ਬੈਠ ਕੇ ਬੱਲੀਆਂ ਦਾ ਅਕਾਰ ਵੇਖਦਾ ਹੈ। ਆਪਣੇ ਹੱਥ ਨਾਲ ? ਮਿਣ ਕੇ ਉਸ ਦੀ ਲੰਬਾਈ ਮਾਪਣ ਦੀ ਕੋਸ਼ਿਸ਼ ਕਰਦਾ ਹੈ। ਦਾਣਿਆਂ ਦੇ ਭਰਵੇਂ ਹੋਣ ਦਾ ਅੰਦਾਜ਼ਾ ਲਾਉਂਦਾ ਹੈ, ਆਲ ?-ਦੁਆਲ ? ?ਓਂ ਦੋ ਚਾਰ ਘਾਹ ਦੀਆਂ ਤਿੜ੍ਹਾਂ ਵੀ ਪੁੱਟ ਸੁੱਟਦਾ ਹੈ। ਉਸ ਨੂੰ ਵਿਸਾਖੀ ਦਾ ਮੇਲਾ ਚੇਤੇ ਆਉਂਦਾ ਹੈ। ਉਸ ਦੀ ਸੋਚ ਮੇਲਾ ਵੇਖਣ ਦੀਆਂ ਉਡਾਰੀਆਂ ਭਰਦੀ ਹੈ। ਉਸ ਦੀਆਂ ਖੁੱਲ੍ਹੀਆਂ ਅੱਖਾਂ ਸੁਪਨੇ ਵੇਖਦੀਆਂ ਹਨ, ਪਰਿਵਾਰਕ ਜੀਆਂ ਦੀਆਂ ਲੋੜਾਂ ਪੂਰੀਆਂ ਕਰਨ ਬਾਰੇ ਸੋਚ ਕੇ ਖੁਸ਼ ਹੁੰਦਾ ਹੈ।

ਇਸ ਦੇ ਉਲਟ ਜਦੋਂ ਕਿਸਾਨ ਦੀ ਪੱਕੀ ਪਕਾਈ ਫਸਲ ਉੱਤੇ ਕੁਦਰਤ ਆਪਣੀ ਕਰੋਪੀ ਵਿਖਾਉਂਦੀ ਹੈ ਤਾਂ ਕਿਸਾਨ ਦਾ ਕਾਲਜਾ ਫੜਿਆ ਜਾਂਦਾ ਹੈ। ਕਦੇ ਉਹ ਆਪਣੇ ਭਾਗਾਂ ਨੂੰ ਕੋਸਦਾ ਹੈ, ਕਦੇ ਰੱਬ ਉਸ ਨੂੰ ਆਪਣਾ ਵੈਰੀ ਜਾਪਦਾ ਹੈ। ਮੀਂਹ ਝੱਖੜ ਗੜਿਆਂ ਦੀ ਮਾਰ ਨਾਲ ? ਬਰਬਾਦ ਹੋਈ ਫਸਲ ਨੂੰ ਵੇਖ ਕੇ ਉਸ ਦਾ ਖੇਤ ਦੀ ਵੱਟ ਉੱਤੇ ਵਹਿਣ-ਖਲੋਣ ਦਾ ਤਰੀਕਾ ਬਦਲ ਜਾਂਦਾ ਹੈ। ਕੁੱਤੇ-ਬਿੱਲੇ ਤੋਂ ਬਚਾਅ ਲਈ ਹੱਥ ਵਿੱਚ ਫੜੀ ਸੋਟੀ ਤੋਂ ਉਹ ਆਪਣੇ ਸਰੀਰ ਨੂੰ ਸਹਾਰਾ ਦੇਣ ਲੱਗ ਪੈਂਦਾ ਹੈ। ਖੇਤ ਦੀ ਵੱਟ 'ਤੇ ਬੈਠਣ ਵੇਲ ? ਵੀ ਉਸ ਦਾ ਇੱਕ ਹੱਥ ਸੋਟੀ ਨੂੰ ਦੂਜਾ ਹੱਥ ਗੋਡਿਆਂ ਅਤੇ ਢਿੱਡ ਦੇ ਵਿਚਾਲ ? ਕਾਲਜੇ ਪੈਂਦੇ ਹੌਲ ਨੂੰ ਦੱਬਣ ਲਈ ਰੱਖਿਆ ਹੁੰਦਾ ਹੈ।

ਪੱਕੀ ਪਕਾਈ ਫ਼ਸਲ ਤੇ ਜਦੋਂ ਗੜਿਆਂ ਦੀ ਮਾਰ ਪੈਂਦੀ ਹੈ। ਮੰਜੇ 'ਤੇ ਬੈਠੀ ਕਿਸਾਨ ਦੀ ਬਜ਼ੁਰਗ ਮਾਂ ਆਪਣੇ ਬੱਚਿਆਂ ਨੂੰ ਆਵਾਜ਼ ਮਾਰਦੀ ਹੈ, ÷ਵੇ ਕੋਈ ਤਵਾ ਮੂਧਾ ਮਾਰ ਦਿਓ, ਟੋਕਰਾ ਵੀ ਮੂਧਾ ਮਾਰ ਦਿਓ।÷ ਨਵੀਂ ਪੀੜ੍ਹੀ ਦੇ ਜਵਾਕ ਬੇਬੇ ਦੀ ਗੱਲ ਸੁਣ ਕੇ... ਵਹਿਮਾਂ ਵਿੱਚ ਫਸੀ ਬੇਬੇ...ਆਖ ਕੇ ਮਜ਼ਾਕ ਕਰਦੇ ਹਨ। ਉਹ ਆਪ ਸੋਟੀ ਸਹਾਰੇ ਉੱਠ ਕੇ ਜਾਣ ਦੀ ਕੋਸ਼ਿਸ਼ ਕਰਦੀ ਹੈ। ਬੇਬੇ ਦੇ ਸੱਟ ਲੱਗਣ ਦੇ ਡਰੋਂ ਜਵਾਕ ਆਪੇ ਤਵਾ ਅਤੇ ਟੋਕਰਾ ਮੂਧਾ ਮਾਰ ਆਉਂਦੇ ਹਨ। ਜਦੋਂ ਬੇਬੇ ਉਹਨਾਂ ਨੂੰ ਮਤਲਬ ਸਮਝਾਉਂਦੀ ਹੈ ਤਾਂ ਉਹ ਇੱਕ ਦੂਜੇ ਦੇ ਮੂੰਹ ਵੱਲ ਬਿਟਰ-ਬਿਟਰ ਵੇਖਦੇ ਹਨ। ਬੇਬੇ ਦੱਸਦੀ ਹੈ, ÷ ਇਹ ਕੁਦਰਤ ਨੂੰ ਸੁਨੇਹਾ ਹੁੰਦਾ ਐ। ਤੁਸੀਂ ਆਵਦੇ ਹਿਸਾਬ ਨਾਲ ? ਅਰਦਾਸਾਂ ਕਰਦੇ ਓ ਅਸੀਂ ਚੁੱਪ ਕਰਕੇ ਵੀ ਅਰਦਾਸ ਕਰ ਲੈਂਦੇ ਹਾਂ ਤਵਾ ਮੂਧਾ ਮਾਰਨ ਦਾ ਮਤਲਬ...ਕੁਦਰਤ ਅੱਗੇ ਤਰਲਾ ਹੁੰਦੈ ਕਿ ਜੇ ਇਹ ਮੀਂਹ ਗੜੇ ਬੰਦ ਨਾ ਹੋਏ ਤਾਂ ਸਾਡੇ ਤਵੇ ਮੂਧੇ ਹੋ ਜਾਣੇ ਨੇ। ਜਦੋਂ ਫਸਲਾਂ ਬਰਬਾਦ ਹੋ ਜਾਣਗੀਆਂ, ਘਰੇ ਅਨਾਜ ਨਹੀਂ ਆਵੇਗਾ ਫਿਰ ਰੋਟੀ ਪਕਾਉਣ ਲਈ ਤਵੇ ਵੀ ਸਿੱਧੇ ਕਿਵੇਂ ਹੋਣਗੇ... ਐਸੇ ਤਰ੍ਹਾਂ ਟੋਕਰਾ ਮੂਧਾ ਮਾਰਨ ਦਾ ਵੀ ਇਹੀ ਮਤਲਬ ਐ ਫਿਰ ਡੰਗਰਾਂ ਲਈ ਦਾਣਾ-ਚਾਰਾ ਵੀ ਨਹੀਂ ਹੋਣਾ। ਸੌ ਗੱਲਾਂ ਦੀ ਇੱਕ ਗੱਲ... ਅਸੀਂ ਅਤੇ ਸਾਡੇ ਡੰਗਰ-ਵੱਛੇ ਸਾਰੇ ਭੁੱਖੇ ਮਰ ਜਾਵਾਂਗੇ।÷ ਉਹ ਦੱਸਦੀ ਹੈ ਕਿ ਇਹ ਇਸ ਲਈ ਕੀਤਾ ਜਾਂਦਾ ਹੈ ਕਿ ਕੁਦਰਤ ਦੇ ਮਨ ਮਿਹਰ ਪਵੇ। ਮੀਂਹ ਝੱਖੜ ਬੰਦ ਹੋ ਜਾਵੇ। ਹੋ ਸਕਦਾ ਹੈ ਇਹ ਸਮਰਪਣ ਦੀ ਭਾਵਨਾ ਹੋਵੇ, ਹੱਥ ਖੜ੍ਹੇ ਕਰਨਾ,ਬੇਵਸੀ, ਲਾਚਾਰੀ ਅਤੇ ਰੋਸ ਵਿਖਾ ਕੇ ਰਹਿਮ ਦੀ ਅਪੀਲ ਕਰਨ ਦਾ ਇੱਕ ਤਰੀਕਾ ਵੀ ਹੋ ਸਕਦਾ ਹੈ।

ਕਿਸਾਨ ਆਪਣੀ ਕਮਾਈ ਫ਼ਸਲ ਨੂੰ ਕਿਤੇ ਲੁਕੋ ਕੇ ਨਹੀਂ ਰੱਖ ਸਕਦਾ। ਉਹ ਆਪਣੀਆਂ ਅੱਖਾਂ ਨਾਲ ਲਹਿਲਹਾਉਂਦੀ ਫ਼ਸਲ ਨੂੰ ਬਰਬਾਦ ਹੁੰਦੀ ਵੇਖਦਾ ਹੈ। ਇਸ ਤਰ੍ਹਾਂ ਦਾ ਨੁਕਸਾਨ ਦੇਖਣਾ ਬੜੇ ਵੱਡੇ ਜਿਗਰੇ ਦਾ ਕੰਮ ਹੈ। ਚਿਹਰੇ ਤੇ ਪੈਂਦੀਆਂ ਮੀਂਹ ਦੀਆਂ ਠੰਢੀਆਂ ਕਣੀਆਂ ਵਿੱਚੋਂ ਆਪਣੀਆਂ ਗੱਲ੍ਹਾਂ ਉੱਪਰ ਦੀ ਦਾੜ੍ਹੀ ਵਿੱਚ ਸਮਾਉਂਦੀ ਕੋਸੇ ਪਾਣੀ ਦੀ ਘਰਾਲ ? ਨੂੰ ਸਿਰਫ਼ ਉਹੀ ਜਾਣਦਾ ਹੈ... ਜਿਸ ਤਨ ਲਾਗੇ ਸੋਈ ਜਾਣੇ... ਉਸ ਦੇ ਸੁਪਨੇ ਰੀਝਾਂ ਸਭ ਖ਼ਤਮ ਹੋ ਜਾਂਦੀਆਂ ਹਨ। ਕਰਜ਼ਾ ਵਧਣ ਦਾ ਫ਼ ?ਕਰ ਸਤਾਉਣ ਲੱਗ ਪੈਂਦਾ ਹੈ। ਪਰਿਵਾਰ ਦੀਆਂ ਲੋੜਾਂ ਮੂੰਹ ਅੱਡੀ ਖੜ੍ਹੀਆਂ ਨਜ਼ਰ ਆਉਂਦੀਆਂ ਹਨ। ਠੇਕੇ 'ਤੇ ਜ਼ਮੀਨ ਲੈਣ ਵਾਲ ? ਕਿਸਾਨਾਂ ਦੀ ਚਿੰਤਾ ਵੱਧ ਹੁੰਦੀ ਹੈ। ਉਹਨਾਂ ਨੇ ਠੇਕਾ ਵੀ ਦੇਣਾ ਹੁੰਦਾ ਹੈ ਅਤੇ ਪਰਿਵਾਰ ਦੀਆਂ ਲੋੜਾਂ ਵੀ ਪੂਰੀਆਂ ਕਰਨੀਆਂ ਹੁੰਦੀਆਂ ਹਨ।

ਫ਼ਸਲਾਂ ਦੀ ਤਬਾਹੀ ਦੀ ਭਰਪਾਈ ਕੋਈ ਨਹੀਂ ਕਰ ਸਕਦਾ। ਕਿਸਾਨ ਆਪਣੀਆਂ ਵੋਟਾਂ ਨਾਲ ? ਆਪਣੇ ਹੱਥੀਂ ਬਣਾਏ ਰਾਜਿਆਂ ਦੇ ਮੂੰਹਾਂ ਵੱਲ ਵੇਖਦੇ ਹਨ। ਸਰਕਾਰਾਂ ਅੱਖਾਂ ਪੂੰਝਣ ਦੀ ਕੋਸ਼ਿਸ਼ ਕਰਦੀਆਂ ਹਨ, ਜੋ ਕਰਦੀਆਂ ਹਨ ਉਹ ਕਾਫ਼ੀ ਨਹੀਂ ਹੁੰਦਾ। ਕਿਸਾਨ ਦੇ ਸਬਰ ਦੀ ਪਰਖ਼ ਹਰ ਮੌਸਮ ਵਿੱਚ ਹੁੰਦੀ ਹੈ। ਇਹਨਾਂ ਬੇਵਸੀਆਂ ਲਾਚਾਰੀਆਂ ਵਿੱਚੋਂ ਸੰਘਰਸ਼ ਉਪਜਦਾ ਹੈ। ਕਿਰਤੀ ਤੇ ਕਿਸਾਨ ਸੜਕਾਂ 'ਤੇ ਉੱਤਰ ਆਉਂਦੇ ਹਨ। ਪਰ ਨੇਤਾਵਾਂ ਦੀ ਬਹੁਤੀ ਤਾਕਤ ਇੱਕ ਦੂਜੀ ਪਾਰਟੀ ਵਾਲ ? ?ਆਂ ਦੀ ਨਿੰਦਿਆ ਕਰਨ 'ਤੇ, ਪਾਰਟੀਆਂ ਬਦਲਣ 'ਤੇ, ਵਿਰੋਧੀਆਂ ਦੇ ਔਗੁਣ ਫਰੋਲਣ ਉੱਤੇ ਲੱਗੀ ਹੁੰਦੀ ਹੈ। ਆਪੋ ਧਾਪੀ ਵਿੱਚ ਉਲਝਿਆਂ ਨੂੰ ਕਿਰਤੀ ਤੇ ਕਿਸਾਨ ਉਦੋਂ ਹੀ ਦਿਸਦੇ ਹਨ ਜਦੋਂ ਚੋਣਾਂ ਨੇੜੇ ਆ ਜਾਂਦੀਆਂ ਹਨ। ਉਹਨਾਂ ਦੀ ਕਹਿਣੀ ਅਤੇ ਕਰਨੀ ਵਿੱਚ ਬਹੁਤ ਫ਼ਰਕ ਹੁੰਦਾ ਹੈ। ਖਾਣ ਵੇਲ ? ਦੰਦ ਹੋਰ ਅਤੇ ਵਿਖਾਉਣ ਵਾਲ ? ਹੋਰ ਹੁੰਦੇ ਹਨ। ਜੇ ਕਿਤੇ ਸਰਕਾਰਾਂ ਔਖੇ ਵੇਲ ? ਕਿਸਾਨਾਂ ਦੀ ਬਾਂਹ ਫੜਨ ਤਾਂ ਕਿਸਾਨੀ ਖ਼ੁਦਕੁਸ਼ੀਆਂ ਘਟ ਸਕਦੀਆਂ ਹਨ। ਉਹਨਾਂ ਦੀਆਂ ਥੋੜ੍ਹੀਆਂ ਬਹੁਤੀਆਂ ਸਮੱਸਿਆਂਵਾਂ ਹੱਲ ਹੋ ਸਕਦੀਆਂ ਹਨ।

ਅਸਲ ਗੱਲ ਤਾਂ ਇਹ ਹੈ... ਉਹ ਡਿੱਗਦਾ ਹੈ ਫੇਰ ਆਪਣੇ ਆਪ ਨੂੰ ਆਪੇ ਸੰਭਾਲਦਾ ਹੋਇਆ ਖੜ੍ਹਾ ਹੁੰਦਾ ਹੈ। ਵਾਰ-ਵਾਰ ਡਿੱਗ ਕੇ ਉੱਠਣਾ ਹੀ ਉਸ ਦੀ ਖਾਸੀਅਤ ਹੈ। ਉਸ ਦੀ ਪੀੜ ਨੂੰ ਕੋਈ ਨਹੀਂ ਜਾਣਦਾ। ਬਰਬਾਦ ਹੋਈਆਂ ਫ਼ਸਲਾਂ ਦੀ ਤਕਲੀਫ਼ ਸੀਨੇ ਅੰਦਰ ਲੁਕੋ ਕੇ ਬਚੇ ਦਾਣਿਆਂ ਨੂੰ ਸਮੇਟਦਾ ਹੈ। ਬਾਬੇ ਦੇ ਕਹੇ... 'ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ'... ਉੱਤੇ ਅਮਲ ਕਰਦਾ ਫਿਰ ਖੇਤ ਵਾਹੁੰਦਾ, ਬੀਜਦਾ ਹੈ। ਫਿਰ ਆਪਣੀ ਫ਼ਸਲ ਨੂੰ ਵੇਖ ਕੇ ਖੁਸ਼ ਹੁੰਦਾ ਹੈ। ਬਸ ਇਸੇ ਤਰ੍ਹਾਂ ਉਸ ਦਾ ਜੀਵਨ ਚੱਲਦਾ ਹੈ। ਆਪਣੇ ਆਪ ਨੂੰ ਸੰਭਾਲਦਾ ਦੁਨੀਆਂ ਦੇ ਖਾਣ ਦਾ ਪ੍ਰਬੰਧ ਕਰਨ ਲਈ ਦਿਨ ਰਾਤ ਮਿਹਨਤ ਕਰਦਾ ਹੈ। ਕਿਰਤੀ ਕਿਸਾਨ ਦੀ ਇਸ ਮਿਹਨਤ ਨੂੰ ਸਲਾਮ ਹੈ।

**ਅੰਮ੍ਰਿਤ ਕੌਰ**
**9876714004**

# ਠੀਕ ਰਸਤਾ/ ਮਿੰਨੀ ਕਹਾਣੀ

ਸੁਖਵਿੰਦਰ ਸਿੰਘ ਨੂੰ ਪੰਦਰਾਂ ਕੁ ਸਾਲ ਪਹਿਲਾਂ ਸਰਕਾਰੀ ਹਾਈ ਸਕੂਲ ਫਤਿਹ ਪੁਰ ਖੁਰਦ ( ਹੁਸ਼ਿਆਰਪੁਰ ) ਵਿੱਚ ਪੰਜਾਬੀ ਮਾਸਟਰ ਦੀ ਨੌਕਰੀ ਮਿਲ ਗਈ ਸੀ। ਨੌਕਰੀ ਮਿਲਦਿਆਂ ਹੀ ਉਸ ਨੇ ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ ਸੀ। ਸ਼ਰਾਬ ਵੀ ਉਹ ਸੁੱਕੀ ਪੀਂਦਾ ਸੀ, ਨਾਲ ਕੁੱਝ ਖਾਂਦਾ ਨਹੀਂ ਸੀ। ਲਗਾਤਾਰ ਸ਼ਰਾਬ ਪੀਣ ਨਾਲ ਉਸ ਦਾ ਲਿਵਰ ਖਰਾਬ ਹੋ ਗਿਆ ਸੀ।ਉਸ ਦੀ ਪਤਨੀ ਤੇ ਪਤਨੀ ਦੇ ਭਰਾ ਨੇ ਉਸ ਨੂੰ ਬਥੇਰਾ ਸਮਝਾ ਕੇ ਦੇਖ ਲਿਆ ਸੀ, ਪਰ ਉਹ ਸ਼ਰਾਬ ਪੀਣ ਤੋਂ ਨਾ ਹਟਿਆ। ਅਖੀਰ ਇੱਕ ਦਿਨ ਸ਼ਰਾਬ ਨੇ ਉਸ ਦੀ ਜਾਨ ਲੈ ਲਈ। ਸੁਖਵਿੰਦਰ ਸਿੰਘ ਦੇ ਮੁੰਡੇ ਮਨਜੀਤ ਨੇ ਪਲੱਸ ਟੂ ਪਾਸ ਕੀਤੀ ਹੋਈ ਸੀ। ਉਸ ਨੂੰ ਤਰਸ ਦੇ ਆਧਾਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਦੀ ਸੂਰਾ ਸਿੰਘ( ਹੁਸ਼ਿਆਰਪੁਰ ) ਵਿੱਚ ਐੱਸ ਐੱਲ ਏ ਦੀ ਨੌਕਰੀ ਮਿਲ ਗਈ। ਉਸ ਦੇ ਮਾਮੇ ਨੇ ਉਸ ਨੂੰ ਆਖਿਆ," ਮਨਜੀਤ ਤੈਨੂੰ ਪਤਾ ਈ ਆ,ਤੇਰਾ ਡੈਡੀ ਵੱਧ ਸ਼ਰਾਬ ਪੀ ਕੇ ਆਪਣੀ ਜਾਨ ਤੋਂ ਹੱਥ ਧੋ ਬੈਠਾ ਆ।ਉਸ ਨੂੰ ਮੈਂ ਤੇ ਤੇਰੀ ਮੰਮੀ ਨੇ ਬਥੇਰਾ ਸਮਝਾਇਆ ਸੀ,ਪਰ ਉਹ ਸਮਝਿਆ ਨਹੀਂ ਸੀ।ਹੁਣ ਤੂੰ ਆਪਣੀ ਜ਼ਿੰਮੇਵਾਰੀ ਸਮਝ।ਤੇਰੇ ਸਿਰ ਤੇ ਹੀ ਪਰਿਵਾਰ ਨੇ ਅੱਗੇ ਵੱਧਣਾ ਆਂ।ਜਿਹੜੇ ਸ਼ਰਾਬ ਨਹੀਂ ਪੀਂਦੇ, ਉਹ ਆਪਣੇ ਪਰਿਵਾਰਾਂ 'ਚ ਖੁਸ਼ੀ, ਖੁਸ਼ੀ ਰਹਿੰਦੇ ਆ। ਮੈਨੂੰ ਹੀ ਦੇਖ ਲੈ, ਮੈਂ ਕਦੇ ਸ਼ਰਾਬ ਨ੍ਹੀ ਪੀਤੀ। ਗੁਰੂ ਦੇ ਲੜ ਲੱਗਾ ਹੋਇਆਂ। ਸਵੇਰੇ ਉੱਠ ਕੇ ਇਸ਼ਨਾਨ ਕਰਕੇ ਗੁਰੂ ਦੀ ਬਾਣੀ ਪੜ੍ਹਦਾ ਆਂ।ਸਾਰਾ ਦਿਨ ਸੌਖਾ ਲੰਘ ਜਾਂਦਾ ਆ।ਮਨ 'ਚ ਮੌਤ ਦਾ ਉੱਕਾ ਹੀ ਡਰ ਨ੍ਹੀ।ਜਦ ਮਰਜ਼ੀ ਆਵੇ, ਕੋਈ ਪ੍ਰਵਾਹ ਨ੍ਹੀ।ਬੱਸ ਮਨ ਨੂੰ ਤਸੱਲੀ ਆ ਕਿ ਮੈਂ ਠੀਕ ਰਸਤੇ ਲੱਗਾ ਹੋਇਆਂ।" ਮਨਜੀਤ ਦੇ ਮਨ ਤੇ ਉਸ ਦੇ ਮਾਮੇ ਦੀਆਂ ਗੱਲਾਂ ਦਾ ਬੜਾ ਚੰਗਾ ਅਸਰ ਹੋਇਆ ਤੇ ਆਖਣ ਲੱਗਾ," ਮਾਮਾ ਜੀ ਤੁਹਾਡੀਆਂ ਗੱਲਾਂ ਬਿਲਕੁਲ ਠੀਕ ਨੇ।ਜਿਸ ਸ਼ਰਾਬ ਨੇ ਮੇਰੇ ਡੈਡੀ ਦੀ ਜਾਨ ਲੈ ਲਈ, ਮੈਂ ਉਸ ਨੂੰ ਕਦੇ ਨਹੀਂ ਪੀਆਂਗਾ।ਮੈਂ ਵੀ ਤੁਹਾਡੇ ਵਾਂਗ ਗੁਰੂ ਦੇ ਲੜ ਲੱਗਣਾ ਚਾਹੁੰਦਾ ਆਂ। ਸ਼ਾਬਾਸ਼ ਬੇਟੇ, ਮੈਨੂੰ ਤੇਰੇ ਕੋਲੋਂ ਇਹੀ ਆਸ ਸੀ।"ਮਨਜੀਤ ਦੇ ਮਾਮੇ ਨੇ ਆਖਿਆ। ਕੁੱਝ ਮਿੰਟਾਂ ਪਿੱਛੋਂ ਮਨਜੀਤ ਆਪਣੇ ਮਾਮੇ ਨਾਲ ਗੁਰੂ ਦੇ ਲੜ ਲੱਗਣ ਲਈ ਸ੍ਰੀ ਅਨੰਦਪੁਰ ਸਾਹਿਬ ਜਾਣ ਲਈ ਤਿਆਰ ਹੋ ਗਿਆ।

**ਮਹਿੰਦਰ ਸਿੰਘ ਮਾਨ**
**ਸਲੋਹ ਰੋਡ**
**ਚੈਨਲਾਂ ਵਾਲੀ ਕੋਠੀ**
**ਨਵਾਂ ਸ਼ਹਿਰ-9915803554**

# Preetnama

# ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 350

Website: www.preetnama.com Email preetnamausa@gmail.com

17 APRIL TO 23 APRIL, 2026



